ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2641 12 November, 2026 Thursday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਕੇਂਦਰ ਵੱਲੋਂ ਕਿਸਾਨਾਂ ਨੂੰ ਤੋਹਫ਼ਾ ਕੈਬਨਿਟ ਮੀਟਿੰਗ ਵਿੱਚ ਵੱਡਾ ਫੈਸਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਆਮ ਜਨਤਾ, ਕਿਸਾਨਾਂ ਅਤੇ ਵਪਾਰਕ ਵਰਗ ਦੇ ਹਿੱਤ ਵਿੱਚ ਪੰਜ ਅਹਿਮ ਫੈਸਲੇ ਲਏ ਗਏ। ਸਰਕਾਰ ਇਨ੍ਹਾਂ ਮਹੱਤਵਪੂਰਨ ਪ੍ਰੋਜੈਕਟਾਂ ਅਤੇ ਯੋਜਨਾਵਾਂ ਉਤੇ ਕੁੱਲ 77,101 ਕਰੋੜ ਰੁਪਏ ਖਰਚ ਕਰੇਗੀ। ਮੰਤਰੀ ਮੰਡਲ ਨੇ ਗ੍ਰੇਟਰ ਨੋਇਡਾ ਤੱਕ ਜਾਣ ਵਾਲੇ ਇੱਕ ਨਵੇਂ ਮੈਟਰੋ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਲਈ 2,390 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਸਰਦੀਆਂ ਦੀ ਆਮਦ ਦੇ ਨਾਲ ਹੀ ਕਿਸਾਨਾਂ ਨੇ ਕਣਕ, ਸਰ੍ਹੋਂ ਅਤੇ ਛੋਲਿਆਂ ਵਰਗੀਆਂ ਫਸਲਾਂ ਦੀ ਬਿਜਾਈ ਸ਼ੁਰੂ ਕਰ ਦਿੱਤੀ ਹੈ। ਇਸ ਪੜਾਅ 'ਤੇ ਉਨ੍ਹਾਂ ਦੀ ਸਭ ਤੋਂ ਅਹਿਮ ਲੋੜ ਖਾਦ ਹੈ। ਹਮੇਸ਼ਾ ਇਹ ਚਿੰਤਾ ਬਣੀ ਰਹਿੰਦੀ ਹੈ ਕਿ ਜੇਕਰ ਖਾਦ ਉਪਲਬਧ ਨਾ ਹੋਈ ਤਾਂ ਕੀ ਹੋਵੇਗਾ, ਜਾਂ ਫਿਰ ਹਾਲ ਹੀ ਵਿੱਚ ਸਪਲਾਈ ਲੜੀ ਵਿੱਚ ਆਈਆਂ ਰੁਕਾਵਟਾਂ ਨੂੰ ਦੇਖਦੇ ਹੋਏ, ਕੀ ਖਾਦ ਦੀਆਂ ਕੀਮਤਾਂ ਅਸਮਾਨ ਛੂਹਣ ਲੱਗਣਗੀਆਂ?

ਹਾਲਾਂਕਿ, ਬਿਜਾਈ ਦੇ ਸੀਜ਼ਨ ਤੋਂ ਠੀਕ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਹੈ। ਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ਰਬੀ ਸੀਜ਼ਨ ਲਈ ਖਾਦਾਂ ਜਿਨ੍ਹਾਂ ਵਿੱਚ ਯੂਰੀਆ, ਪੋਟਾਸ਼, ਫਾਸਫੇਟ ਅਤੇ ਐਨ.ਪੀ.ਕੇ ਸ਼ਾਮਲ ਹਨ, ਉਤੇ ਸਬਸਿਡੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਉਦੇਸ਼ ਲਈ 62,370.02 ਕਰੋੜ ਰੁਪਏ ਦਾ ਵੱਡਾ ਬਜਟ ਮਨਜ਼ੂਰ ਕੀਤਾ ਗਿਆ ਹੈ। ਇਸ ਫੈਸਲੇ ਨਾਲ ਇਹ ਯਕੀਨੀ ਬਣਦਾ ਹੈ ਕਿ ਖਾਦ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਹੋਵੇਗਾ, ਜਿਸ ਨਾਲ ਕਿਸਾਨਾਂ 'ਤੇ ਕੋਈ ਵਾਧੂ ਵਿੱਤੀ ਬੋਝ ਨਹੀਂ ਪਵੇਗਾ। ਇਹ ਅਲਾਟਮੈਂਟ ਖਾਸ ਤੌਰ ਉਤੇ ਧਿਆਨ ਦੇਣ ਯੋਗ ਹੈ ਕਿਉਂਕਿ ਇਹ ਪਿਛਲੇ ਸਾਲ ਦੀ ਰਕਮ ਤੋਂ ਲਗਭਗ ਦੁੱਗਣੀ ਹੈ। ਪਿਛਲੇ ਰਬੀ ਸੀਜ਼ਨ ਦੌਰਾਨ ਸਰਕਾਰ ਨੇ ਖਾਦ ਸਬਸਿਡੀਆਂ ਉਤੇ 37,952.29 ਕਰੋੜ ਰੁਪਏ ਖਰਚ ਕੀਤੇ ਸਨ। ਇਸ ਸਾਲ ਸਰਕਾਰ ਨੇ 24,417.73 ਕਰੋੜ ਰੁਪਏ ਦੀ ਵਾਧੂ ਰਕਮ ਦਾ ਪ੍ਰਬੰਧ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸਾਨਾਂ ਨੂੰ ਕਿਫਾਇਤੀ ਦਰਾਂ ਉਤੇ ਖਾਦ ਮਿਲ ਸਕੇ। ਹੁਣ ਸਵਾਲ ਇਹ ਉੱਠਦਾ ਹੈ ਕਿ ਸਰਕਾਰ ਆਖਰ ਇਨ੍ਹਾਂ ਹਜ਼ਾਰਾਂ ਕਰੋੜਾਂ ਰੁਪਇਆਂ ਨੂੰ ਕਿੱਥੇ ਅਤੇ ਕਿਵੇਂ ਖਰਚ ਕਰੇਗੀ? ਕੀ ਇਹ ਪੈਸਾ ਸਿੱਧਾ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਾਵੇਗਾ? ਇਸ ਦਾ ਜਵਾਬ ਹੈ ਨਹੀਂ। ਖੇਤੀਬਾੜੀ ਵਿੱਚ ਯੂਰੀਆ ਤੋਂ ਇਲਾਵਾ ਡੀ.ਏ.ਪੀ, ਪੋਟਾਸ਼ ਅਤੇ ਐਨ.ਪੀ.ਕੇ ਵਰਗੀਆਂ ਖਾਦਾਂ ਦੀ ਵੀ ਭਾਰੀ ਮੰਗ ਹੁੰਦੀ ਹੈ। ਫਿਲਹਾਲ, ਸਰਕਾਰ ਉਨ੍ਹਾਂ ਕੰਪਨੀਆਂ ਰਾਹੀਂ ਜੋ ਜਾਂ ਤਾਂ ਇਨ੍ਹਾਂ ਖਾਦਾਂ ਦਾ ਨਿਰਮਾਣ ਕਰਦੀਆਂ ਹਨ ਜਾਂ ਵਿਦੇਸ਼ਾਂ ਤੋਂ ਇਨ੍ਹਾਂ ਦੀ ਦਰਾਮਦ ਕਰਦੀਆਂ ਹਨ ਕਿਸਾਨਾਂ ਨੂੰ ਕੁੱਲ 28 ਵੱਖ-ਵੱਖ ਕਿਸਮਾਂ ਦੀਆਂ ਖਾਦਾਂ ਬਹੁਤ ਜ਼ਿਆਦਾ ਸਬਸਿਡੀ ਵਾਲੀਆਂ ਦਰਾਂ ਉਤੇ ਉਪਲਬਧ ਕਰਵਾਉਂਦੀ ਹੈ। ਜਦੋਂ ਕੋਈ ਕਿਸਾਨ ਡੀ.ਏ.ਪੀ ਜਾਂ ਪੋਟਾਸ਼ ਦੀ ਬੋਰੀ ਖਰੀਦਣ ਲਈ ਮੰਡੀ ਵਿੱਚ ਜਾਂਦਾ ਹੈ, ਤਾਂ ਉਸ ਵੱਲੋਂ ਅਦਾ ਕੀਤੀ ਗਈ ਕੀਮਤ ਅਸਲ ਲਾਗਤ ਨਾਲੋਂ ਕਾਫ਼ੀ ਘੱਟ ਹੁੰਦੀ ਹੈ। ਸਰਕਾਰ, ਖਾਦ ਕੰਪਨੀਆਂ ਨੂੰ ਸਿੱਧੀ ਅਦਾਇਗੀ ਕਰਕੇ, ਅਸਲ ਲਾਗਤ ਅਤੇ ਕਿਸਾਨ ਦੁਆਰਾ ਅਦਾ ਕੀਤੀ ਗਈ ਕੀਮਤ ਵਿਚਲੇ ਵੱਡੇ ਅੰਤਰ ਨੂੰ ਖੁਦ ਭਰਦੀ ਹੈ। ਵਿੱਤੀ ਸਹਾਇਤਾ ਦੇ ਇਸ ਰੂਪ ਨੂੰ 'ਸਬਸਿਡੀ' ਕਿਹਾ ਜਾਂਦਾ ਹੈ। 1 ਅਕਤੂਬਰ, 2026 ਤੋਂ 31 ਮਾਰਚ, 2027 ਤੱਕ, ਸਰਕਾਰ ਮੰਡੀ ਵਿੱਚ ਵਿਕਣ ਵਾਲੀ ਖਾਦ ਦੀ ਹਰੇਕ ਬੋਰੀ 'ਤੇ ਇਹ ਸਬਸਿਡੀ ਪ੍ਰਦਾਨ ਕਰੇਗੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖਾਦ ਦੀ ਲਾਗਤ ਕਿਸਾਨ 'ਤੇ ਬੋਝ ਨਾ ਬਣੇ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਧਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਰਾਹੀਂ ਅਰਜ਼ੀ ਦਿੰਦੇ ਹੋ।
Inderjeet Singh Mann
CA Lic# 0H82488
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

Space available for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

ਫਿਕਰਮੰਦੀ ਵਿੱਚੋਂ ਉਪਜਦੀਆਂ ਕਵਿਤਾਵਾਂ ਦਾ ਸ਼ਿਲਾਲੇਖ: ਤੌਫ਼ੀਕ ਬਖ਼ਸ਼ ਮੌਲਾ

ਪ੍ਰੋ. ਕੁਲਵੰਤ ਸਿੰਘ ਔਜਲਾ ਪੰਜਾਬੀ ਸਾਹਿਤ ਵਿੱਚ ਇਕ ਸਮਰੱਥ ਕਵੀ,ਚਿੰਤਨਸ਼ੀਲ ਵਾਰਤਕ ਲੇਖਕ ਅਤੇ ਚੇਤੰਨ ਤੇ ਪ੍ਰਤਿਭਾਵਾਨ ਆਲੋਚਕ ਵਜੋਂ ਵਿਸ਼ੇਸ਼ ਪਛਾਣ ਰੱਖਦਾ ਹੈ।ਆਪਣੀਆਂ ਪਹਿਲੀਆਂ ਕਾਵਿ ਪੁਸਤਕਾਂ ਰਾਹੀਂ ਉਹ ਆਪਣੀ ਕਾਵਿ ਪ੍ਰਤਿਭਾ ਦਾ ਪ੍ਰਮਾਣ ਪ੍ਰਸਤੁਤ ਕਰ ਚੁੱਕਾ ਹੈ।ਕਾਵਿ ਸਾਧਨਾ ਨਾਲ ਨਿਰੰਤਰ ਜੁੜੇ ਰਹਿਣਾ ਤੇ ਸਾਹਿਤ ਦੇ ਸਮਕਾਲੀ ਸਰੋਕਾਰਾਂ ਦਾ ਚਿੰਤਨ-ਮੰਥਨ ਕਰਨਾ ਵੀ ਉਸਦੀ ਰਚਨਾ ਦਾ ਹਿੱਸਾ ਬਣਦਾ ਰਹਿੰਦਾ ਹੈ। 'ਤੌਫ਼ੀਕ ਬਖ਼ਸ਼ ਮੌਲਾ' ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਛੇਵੀਂ ਪੁਸਤਕ ਹੈ।ਉਸਦੀ ਕਵਿਤਾ ਵਿੱਚ ਵਹਿੰਦਾ ਸਿਮ੍ਰਿਤੀਆਂ ਦਾ ਪ੍ਰਵਾਹ ਤੇ ਸਫੁਟਕ ਹੁੰਦੇ ਵਿਚਾਰਾਂ ਦਾ ਸਹਿਜਭਾਵੀ ਸਮਾਵੇਸ਼ ਇਸ ਪੁਸਤਕ ਵਿੱਚ ਹਾਜ਼ਿਰ ਹੁੰਦਾ ਹੈ। ਪੁਸਤਕ ਵਿੱਚ ਦਰਜ ਕਵਿਤਾਵਾਂ ਨੂੰ ਉਨ੍ਹਾਂ ਦੇ ਮਜ਼ਮੂਨ ਅਨੁਸਾਰ ਵਿਉਂਤ ਵਿੱਚ ਪ੍ਰਸਤੁਤ ਕਰਨ ਦੀ ਜੁਗਤ ਤਹਿਤ ਕਵੀ ਉਨ੍ਹਾਂ ਦੇ ਸਿਰਲੇਖਵਾਰ 9 ਅਨੁਭਾਗ ਬਣਾਉਂਦਾ ਹੈ। ਰੁਖ਼ ਸਿਰ ਵਿਉਂਤੀਆਂ ਕਵਿਤਾਵਾਂ ਦੀ ਵਿਸ਼ੇਸ਼ ਤਰਤੀਬ ਵਿੱਚੋਂ ਕਵੀ ਦੀ ਕਵਿਤਾਵਾਂ ਪ੍ਰਤੀ ਅਪਣਾਈ ਨਿਆਇੰਸੰਗਤ ਪਹੁੰਚ ਦਾ ਝਲਕਾਰਾ ਮਿਲ ਜਾਂਦਾ ਹੈ।

'ਆਸ,ਉਮੀਦ ਤੇ ਮੁਹੱਬਤ ਦੀਆਂ ਕਵਿਤਾਵਾਂ' ਵਿੱਚ ਕਵੀ ਮਨੁੱਖੀ ਜ਼ਿੰਦਗੀ ਨੂੰ ਦੁਸ਼ਵਾਰੀਆਂ, ਸਮੱਸਿਆਵਾਂ,ਫਿਕਰਾਂ ਆਦਿ ਨਾਲ ਅੱਟੀ ਹੋਈ ਸਮਝਦਾ ਹੈ।ਮਨੁੱਖ ਨੂੰ ਕਦਮ ਕਦਮ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਜ਼ਿੰਦਗੀ ਦੀਆਂ ਗੁੰਝਲਾਂ ਦੇ ਹੱਲ ਲੱਭਦਾ ਫਿਰਦਾ ਹੈ। ਥੋੜ੍ਹ ਚਿਰੀ ਜ਼ਿੰਦਗੀ ਨੂੰ ਜੀਉਣ ਜੋਗੀ ਬਣਾਉਣ ਦੀ ਲੋੜ ਹੈ।ਦੁਨੀਆ ਖ਼ੂਬਸੂਰਤ ਵੀ ਬਹੁਤ ਹੈ ਪਰ ਨਿਰਦੱਈ ਵੀ ਪੁੱਜ ਕੇ ਹੈ। ਕੌਂਹਦੀ ਵੀ ਬਹੁਤ ਹੈ।ਕਵੀ ਸਮਝਦਾ ਹੈ ਕਿ ਮਨੁੱਖ ਨੂੰ ਹਰੇਕ ਹਾਲਤ ਵਿੱਚ ਆਸ ਦੇ ਦੀਵੇ ਜਗਾਈ ਰੱਖਣੇ ਚਾਹੀਦੇ ਹਨ। ਦੀਵਾ ਜੀਵਨ ਦੇ ਬਿਹਤਰ ਰਾਹ ਸੁਝਾਉਂਦਾ ਹੈ,ਸੰਘਰਸ਼ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ।ਜਾਹੋ-ਜਲਾਲ ਵਿੱਚ ਵਾਧਾ ਕਰਦਾ ਹੈ।ਜ਼ਿੰਦਗੀ ਜੀਉਣ ਦੇ ਵਿਸ਼ਵਾਸ ਨੂੰ ਪਕੇਰਿਆਂ ਕਰਦਾ ਹੈ।ਭਲੇ ਦਿਨ ਆਉਣ ਦੀ ਉਮੀਦ ਵਿੱਚ ਜੀਉਣਾ ਹੀ ਜ਼ਿੰਦਗੀ ਹੈ।ਹਰਿਮੰਦਰ ਦੇ ਦੀਵਿਆਂ ਦੀ ਲੋਅ ਨੂੰ ਕਵੀ ਕੁੱਲ ਦੁਨੀਆ ਦੇ ਦੀਵਿਆਂ ਦੀ ਲੋਅ ਤੋਂ ਸੋਹਣੀ ਮੰਨਦਾ ਹੈ।ਕਵੀ ਸੱਚ ਕਹਿਣ ਤੇ ਸੁਣਨ ਦਾ ਹੌਸਲਾ ਰੱਖਣ ਲਈ ਕਹਿੰਦਾ ਹੈ।

'ਗਹਿਰੇ ਰਿਸ਼ਤਿਆਂ ਦੀਆਂ ਕਵਿਤਾਵਾਂ' ਅਤੇ 'ਅਤੀਤ ਨਾਲ ਜੋੜਦੀਆਂ ਕਵਿਤਾਵਾਂ' ਵਿੱਚ ਕਵੀ ਦੀ ਭਾਵਨਾਤਮਿਕਤਾ ਪ੍ਰਬਲ ਸੁਰ ਵਿੱਚ ਪ੍ਰਗਟ ਹੁੰਦੀ ਹੈ।ਕਵੀ ਦੀਆਂ ਜੜ੍ਹਾਂ ਪਿੰਡ ਸੱਭਿਆਚਾਰ ਵਿੱਚ ਹਨ,ਜਿਥੋਂ ਉਹ ਰਚਨਾਤਮਿਕ ਊਰਜਾ ਪ੍ਰਾਪਤ ਕਰਦਾ ਹੈ।ਕਵਿਤਾ ਦਾ ਉਸਦੇ ਅੰਤਰੀਵ ਨਾਲ ਵੀ ਬਹੁਤ ਗਹਿਰਾ ਸਬੰਧ ਹੈ।ਮਾਂ-ਬਾਪ ਔਖਿਆਂ ਸੌਖਿਆਂ ਘਰ ਦੀਆਂ ਗ਼ਰਜ਼ਾਂ ਪੂਰੀਆਂ ਕਰਦੇ ਹਨ।ਮਾਂ ਆਪਣਾ ਮਾਂ-ਧਰਮ ਨਿਭਾਉਂਦੀ ਆਈ ਹੈ।ਮਾਂ ਦੇ ਪਵਿੱਤਰ ਰਿਸ਼ਤੇ ਦਾ ਕੋਈ ਬਦਲ ਹੈ ਹੀ ਨਹੀਂ! ਵਾਹੀ ਖੇਤੀ ਵਿੱਚ ਵਰਤੇ ਜਾਂਦੇ ਜਿਨ੍ਹਾਂ ਸੰਦਾਂ ਨੂੰ ਬਾਪ ਵਰਤਦਾ ਰਿਹਾ ਹੈ,ਉਨ੍ਹਾਂ ਨੂੰ ਯਾਦ ਕਰਦਿਆਂ ਕਵੀ ਭਾਵੁਕ ਹੋ ਜਾਂਦਾ ਹੈ।ਕਵੀ ਨੂੰ ਮਲਾਲ ਹੈ ਕਿ ਕਿਰਤੀ ਬਾਪ ਦੇ ਜਾਨ ਤੋਂ ਵੱਧ ਪਿਆਰੇ ਵਾਹੀ ਵਾਲੇ ਸੰਦਾਂ ਨੂੰ ਉਹ ਸੰਭਾਲ ਕੇ ਨਹੀਂ ਰੱਖ ਸਕਿਆ ! ਕਵੀ ਮਿਹਨਤੀ,ਕਿਰਤੀ,ਸਾਦ-ਮੁਰਾਦੇ ਬਾਪ ਦਾਦੇ ਨੂੰ,ਮਾਮੀ ਨੂੰ,ਉਸਦੇ ਪਲੰਘ ਨੂੰ ਯਾਦ ਕਰਦਾ ਹੈ,ਨਮਨ ਕਰਦਾ ਹੈ।ਉਸਦੀ ਕਵਿਤਾ ਵਿੱਚੋਂ ਉਸਦੀ ਕਾਵਿ ਸੰਵੇਦਨਾ ਦਾ ਅਹਿਸਾਸ ਅਸਰਦਾਇਕ ਸੁਰ ਵਿੱਚ ਪ੍ਰਗਟ ਹੁੰਦਾ ਹੈ। ਅਨਪੜ੍ਹ,ਹੱਲਵਾਹ ਬਾਪ ਦਾ ਪੜ੍ਹਿਆ-ਲਿਖਿਆ,ਕਲਮਕਾਰ ਫਰਜ਼ੰਦ ਹੋਣ ਉਪਰ ਕਵੀ ਫ਼ਖ਼ਰ ਮਹਿਸੂਸ ਕਰਦਾ ਹੈ।ਉਸਨੂੰ ਮਾਣ ਹੈ ਕਿ ਉਸ ਕੋਲ ਹਰਫ਼ਾਂ ਦੀ ਦੌਲਤ ਹੈ,ਜਾਗੀਰ ਹੈ,ਭੰਡਾਰ ਹੈ।ਉਸਦੇ ਹਰਫ਼ਾਂ ਵਿੱਚ ਰੂਹਾਨੀ ਨੀਰ ਹੈ।ਹਰਫ਼ਾਂ ਵਿੱਚ ਉਹ ਪੂਰੀ ਕਾਇਨਾਤ ਨੂੰ ਸਮੇਟ ਸਕਦਾ ਹੈ।ਕਵੀ ਹਰਫ਼ਾਂ ਦਾ ਸਫ਼ੀਰ ਹੋਣਾ ਲੋਚਦਾ ਹੈ ਪਰ ਉਸਦੀ ਕਾਵਿ ਕੀਰਤੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਹ ਖ਼ੁਦ ਹੈ ਹੀ ਹਰਫ਼ਾਂ ਦਾ ਸਫ਼ੀਰ! ਅਜਿਹੀ ਕਾਵਿਕ ਸੁਰ ਰਾਹੀਂ ਔਜਲਾ-ਕਾਵਿ ਵਿਚਲੀ ਕਾਵਿ ਸੰਵੇਦਨਾ ਆਪਣੀ ਸਾਰਥਿਕਤਾ ਨੂੰ ਪ੍ਰਮਾਣਿਤ ਕਰਦੀ ਪ੍ਰਤੀਤ ਹੁੰਦੀ ਹੈ।ਉਸਦੀਆਂ ਕਵਿਤਾਵਾਂ ਵਿੱਚੋਂ ਵਿਦਰੋਹੀ ਸੁਰ ਵੇਖੀ ਜਾ ਸਕਦੀ ਹੈ :

ਰੋਹ ਵਿਦਰੋਹ ਦੀਆਂ ਨਜ਼ਮਾਂ ਬਣਾਉਣੀਆਂ
ਮੋਹ ਵਿੱਚ ਭਿੱਜਕੇ ਦਰਵੇਸ਼ੀਆਂ ਕਮਾਉਣੀਆਂ
(ਪੰਨਾ 49)

ਭਲੇ ਤੇ ਸਾਦਗੀ ਭਰਪੂਰ ਸਮੇਂ ਨੂੰ,ਲੋਕਾਂ ਵਿੱਚ ਆਪਸੀ ਪਿਆਰ ਤੇ ਆਪਣੇਪਨ ਨੂੰ,ਆਪਣੀ ਜੰਮਣ ਭੋਇੰ ਨੂੰ,ਰਿਸ਼ਤਿਆਂ ਵਿਚਲੇ ਨਿੱਘ ਨੂੰ ਅਤੇ ਇਕਜੁਟਤਾ ਤੇ ਇਕਸੁਰਤਾ ਆਦਿ ਨੂੰ ਯਾਦ ਕਰਕੇ ਕਵੀ ਭਾਵੁਕ ਹੋ ਜਾਂਦਾ ਹੈ।ਬੀਤੇ ਦੀਆਂ ਯਾਦਾਂ ਕਵੀ ਲਈ ਬਹੁਮੁੱਲਾ ਸਰਮਾਇਆ ਬਣਦੀਆਂ ਹਨ।

'ਮਾਨਵ ਰੰਗ ਦੀਆਂ ਕਵਿਤਾਵਾਂ' ਵਿੱਚ ਕਵੀ ਦੁਆਵਾਂ ਵੀ ਕਰਦਾ ਹੈ,ਅਰਜ਼ੋਈਆਂ ਵੀ ਕਰਦਾ ਹੈ। ਮਹਿਕਣ-ਮੌਲਣ ਲਈ,ਦਿਲ ਵਿੱਚ ਨਵੀਆਂ ਉਮੰਗਾਂ ਦੇ ਪੈਦਾ ਹੁੰਦੇ ਰਹਿਣ ਲਈ,ਜੂਝਣ ਦੇ ਜਜ਼ਬੇ ਲਈ,ਹੱਕ-ਇਨਸਾਫ਼ ਲਈ ਕੀਤੀਆਂ ਕਵੀ ਦੀਆਂ ਅਰਜ਼ੋਈਆਂ ਕਦੇ ਤਾਂ ਰੰਗ ਲਿਆਉਣਗੀਆਂ :

ਮਾਨਵ ਰੰਗ ਵਿਚ ਰੰਗ ਦੇ ਮੌਲਾ
ਦਿਲ ਨੂੰ ਨਵੀਂ ਉਮੰਗ ਦੇ ਮੌਲਾ
ਮਹਿਕਣ ਮੌਲਣ ਮਾਣਨ ਦੇ ਲਈ
ਧੜਕਣ ਜੋਗੇ ਅੰਗ ਦੇ ਮੌਲਾ (ਪੰਨਾ 55)

ਕਵੀ ਅਜੋਕੇ ਮਨੁੱਖ ਵਿੱਚੋਂ ਮਾਨਵਤਾ ਦੇ ਮਨਫ਼ੀ ਹੁੰਦੇ ਜਾਣ 'ਤੇ ਫਿਕਰਮੰਦ ਹੁੰਦਾ ਹੈ।ਮਨੁੱਖ ਦੀ ਸੋਚ 'ਤੇ,ਉਸਦੀਆਂ ਹਰਕਤਾਂ 'ਤੇ,ਉਸਦੀ ਹੈਵਾਨੀਅਤ 'ਤੇ,ਦਹਿਸ਼ਤ ਵਾਲੇ ਚਲਨ 'ਤੇ ਕਵੀ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ।ਕਦੇ ਕਦੇ ਉਹ ਅਣਵੰਡੇ ਪੰਜਾਬ ਨੂੰ ਯਾਦ ਕਰਦਾ ਹੈ।ਢੌਂਗੀ ਤੇ ਸਵਾਂਗ ਰਚਣ ਵਾਲੇ ਲੋਕਾਂ ਨੂੰ,ਦੂਜਿਆਂ ਨੂੰ ਹਨੇਰੇ ਵਿੱਚ ਰੱਖਣ ਵਾਲੇ ਲੋਕਾਂ ਨੂੰ ਕਵੀ ਪਸੰਦ ਨਹੀਂ ਕਰਦਾ।

ਖ਼ੁਦਕੁਸ਼ੀਆਂ,ਕਤਲਾਂ,ਕਰਜ਼ਿਆਂ,ਕੰਗਾਲੀਆਂ ਵਾਲੇ ਦਮ ਘੋਟੂ ਸਮੇਂ ਤੋਂ, ਡੁੱਲ੍ਹਦੇ ਲਹੂ ਦੇ ਭਿਆਨਕ ਦ੍ਰਿਸ਼ਾਂ ਤੋਂ ਮਨੁੱਖ ਤੰਗ ਆ ਜਾਂਦਾ ਹੈ।ਕਵੀ ਜਦੋਂ ਮੁਹੱਬਤ ਦੀਆਂ ਮੋਮਬੱਤੀਆਂ ਜਗਾਉਣ ਦੀ ਇੱਛਾ ਪ੍ਰਗਟ ਕਰਦਾ ਹੈ,ਸਰਬੱਤ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਦੁਆ ਕਰਦਾ ਹੈ ਤਾਂ ਉਸਦਾ ਕਾਵਿ ਚਿੰਤਨ ਉਘੜਦਾ ਨਜ਼ਰ ਆਉਂਦਾ ਹੈ।ਕਵੀ ਦੀ ਪਾਰਦਰਸ਼ੀ ਕਾਵਿ ਦ੍ਰਿਸ਼ਟੀ ਸਪਸ਼ਟ ਹੋ ਜਾਂਦੀ ਹੈ।

'ਪਰਵਾਸ ਤੇ ਸਵਾਸ ਰੰਗੀਆਂ ਕਵਿਤਾਵਾਂ' ਪਰਵਾਸ ਧਾਰਨ ਕਰਨ ਦੇ ਦਰਦ ਵਿੱਚੋਂ ਪੈਦਾ ਹੁੰਦੀਆਂ ਹਨ।ਰੋਟੀ ਰੋਜ਼ੀ ਖ਼ਾਤਰ ਪਰਵਾਸ ਧਾਰਨ ਕਰਨ ਕਰ ਗਇਆਂ ਦੇ ਚਾਅ,ਸੱਧਰਾਂ,ਸੁਪਨੇ ਆਦਿ ਡਾਲਰਾਂ ਦੇ ਵਹਿਣ ਵਿੱਚ ਵਹਿ ਜਾਂਦੇ ਹਨ।ਡਾਲਰ ਕਮਾਉਣੇ ਬਹੁਤ ਔਖੇ ਹਨ।ਪਰਵਾਸ ਦਾ ਹਰੇਕ ਪੀੜ੍ਹੀ ਦੇ ਪਰਵਾਸੀ ਉਪਰ ਅਸਰ ਪੈਂਦਾ ਹੈ।ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਆਪਣੇ ਦੇਸ਼ ਤੋਂ ਮੋਹ ਭੰਗ ਹੋ ਗਿਆ ਹੋਵੇ ! ਜਦਕਿ ਅਸਲੀਅਤ ਇਹ ਹੈ ਕਿ ਪਰਦੇਸਾਂ ਵਿੱਚ ਵੀ ਉਨ੍ਹਾਂ ਦਾ ਕੋਈ ਆਪਣਾ ਨਹੀਂ !

'ਸਮਾਜਕ ਚਿੰਤਨ ਦੀਆਂ ਕਵਿਤਾਵਾਂ' ਵਿੱਚ ਕਵੀ ਮਨੁੱਖ ਦੀ ਫਿਕਰਮੰਦੀ ਦੇ ਕਝ ਹੋਰ ਪਹਿਲੂਆਂ ਨੂੰ ਰੇਖਾਂਕਿਤ ਕਰਦਾ ਹੈ।ਮਨੁੱਖ ਨਿੱਕੇ ਨਿੱਕੇ ਸਮਾਜਕ ਧੜਿਆਂ ਵਿੱਚ ਵੰਡਿਆ ਗਿਆ ਹੈ।ਹਕੂਮਤਾਂ ਨਿਰਦੱਈ ਹੋ ਗਈਆਂ ਹਨ।ਵਕਤ ਉਦਾਸੀ ਦੇ ਆਲਮ ਵਿੱਚ ਘਿਰ ਗਿਆ ਹੈ।ਹਵਾ,ਪਾਣੀ,ਮਿੱਟੀ,ਵਾਤਾਵਰਨ ਜ਼ਹਿਰੀਲੇ ਹੋ ਗਏ ਹਨ।ਹੋ ਗਈਆਂ ਤੇ ਹੋ ਰਹੀਆਂ ਬੇਹਿਸਾਬੀਆਂ ਖ਼ੁਦਕੁਸ਼ੀਆਂ ਦਾ ਕਲੰਕ ਮਿਟਣਾ ਔਖਾ ਹੈ।ਹਰ ਰੋਜ਼ ਵਾਪਰਦੀਆਂ ਅਣਹੋਣੀਆਂ ਉਪਰ ਕਵੀ ਚਿੰਤਾ ਪ੍ਰਗਟ ਕਰਦਾ ਹੈ।ਮਨੁੱਖ ਦੇ ਹਿੰਸਕ ਹੋ ਗਏ ਜਜ਼ਬਾਤ ਦਾ ਵੀ ਕਵੀ ਨੂੰ ਹਿਰਖ ਹੈ।ਰਾਜਿਆਂ ਨੂੰ ਤਾਕਤ ਮਿਲ ਗਈ ਹੈ।ਉਹ ਕੁਰੱਖਤ ਬੋਲ ਬੋਲਦੇ ਹਨ।

'ਵਕਤ ਨਾਲ ਜੂਝਦੀਆਂ ਕਵਿਤਾਵਾਂ' ਵਿੱਚ ਕਵੀ ਵਿਛੜ ਵਿਛੜ ਕੇ ਮਿਲਣ,ਮਿਲ ਮਿਲ ਕੇ ਵਿਛੜਨ ਦੀਆਂ ਗੱਲਾਂ ਕਰਦਾ ਹੈ।ਮੁੜ ਲਗਰਾਂ ਫੁੱਟਣ,ਮੁੜ ਖ਼ਾਬ ਪੁੰਗਰਨ ਬਾਰੇ ਸੰਵਾਦ ਰਚਾਉਂਦਾ ਹੈ।ਇਸ ਧਰਤੀ 'ਤੇ ਮਨੁੱਖ ਨੇ ਕਈ ਜਰਵਾਣਿਆਂ ਦਾ ਮੁਕਾਬਲਾ ਕੀਤਾ।ਮਨੁੱਖ ਦਾ ਬਾਬੇ ਦੀ ਰਹਿਮਤਾਂ 'ਤੇ ਭਰੋਸਾ ਹਮੇਸ਼ਾ ਕਾਇਮ ਰਿਹਾ ਹੈ।ਜਿਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦੀ ਵਾਗਡੋਰ ਹੈ,ਉਨ੍ਹਾਂ ਨੇ ਹੀ ਪੰਜਾਬ ਨੂੰ ਗਿਰਵੀ ਰੱਖ ਦਿੱਤਾ ਹੈ।ਕਵੀ ਪੰਜਾਬ ਨੂੰ ਸੰਭਲਣ ਵਾਸਤੇ ਕਹਿੰਦਾ ਹੈ।ਇਨਕਲਾਬ ਹੁਣ ਬਹੁਤ ਦੂਰ ਦੀ ਗੱਲ ਬਣ ਗਿਆ ਹੈ।ਇਸਦੀ ਤਵੱਕੋ ਕਰਨ ਦੇ ਹੁਣ ਕੋਈ ਅਰਥ ਨਹੀਂ ਰਹਿ ਗਏ।ਕੁਰਸੀਆਂ ਦੀ ਬਦਨੀਅਤ ਕਾਰਨ ਚੰਡੀਗੜ੍ਹ ਦਾ ਪਹਿਲਾਂ ਵਾਲਾ ਰੁਤਬਾ ਨਹੀਂ ਰਿਹਾ,ਸ਼ਾਨ ਨਹੀਂ ਰਹੀ !

ਕੇਹੀ ਵਿਡੰਬਨਾ ਹੈ ਕਿ ਡਿਜੀਟਲ ਯੁੱਗ ਦੀ ਭੀੜ ਤੇ ਸ਼ੋਰ ਵਿੱਚ ਗਵਾਚ ਗਿਆ ਮਨੁੱਖ ਆਪਣੀ ਪਛਾਣ ਹੀ ਭੁੱਲ ਗਿਆ ਹੈ।ਸੇਵਾ ਮੁਕਤੀ ਸਮੇਂ ਕਾਲਜ ਤੋਂ ਵਿਦਾ ਹੋਣ ਵਾਲੇ ਦਿਨ ਦੀ ਚੀਸ(ਜੋ ਬਾਅਦ ਵਿੱਚ ਵਰਦਾਨ ਬਣ ਜਾਂਦੀ ਹੈ),ਦੀ ਕਵੀ ਬੜੀ ਸੰਵੇਦਨਸ਼ੀਲਤਾ ਨਾਲ ਕਾਵਿ ਅਭਿਵਿਅਕਤੀ ਕਰਦਾ ਹੈ।ਉਸਨੂੰ ਖ਼ੁਸ਼ੀ ਹੈ ਕਿ ਉਸਨੇ ਅੱਖਰਾਂ ਦੀ ਫਸਲ ਬੀਜੀ,ਉਸਨੂੰ ਪਾਲਿਆ ਪੋਸਿਆ ਤੇ ਹੁਣ ਉਸ ਕੋਲ ਸਦਾ ਬਹਾਰ,ਸਿਹਤਮੰਦ ਤੇ ਚਿਰ ਜੀਵੀ ਅੱਖਰਾਂ ਦੀ ਭਰਪੂਰ ਫਸਲ ਹੈ।ਸਾੜਾ ਕਰਨ ਵਾਲੇ ਗੁੰਮਨਾਮ ਅਵਸਥਾ ਵਿੱਚ ਹਨ !

'ਭਾਵਨਾਮਈ ਕਵਿਤਾਵਾਂ' ਸਿਰਫ ਮਨੁੱਖ ਨੂੰ ਭਾਵਨਾਵਾਂ ਵਿੱਚ ਹੀ ਨਹੀਂ ਵਹਾਉਂਦੀਆਂ,ਸਗੋਂ ਚਿਰ ਸਥਾਈ ਅਸਰ ਵੀ ਛੱਡਦੀਆਂ ਹਨ !ਘਰਾਂ ਵਿੱਚ ਅਣਮਿਣਵੀਆਂ ਸੁੱਖ ਸਹੂਲਤਾਂ ਹਨ,ਬੱਚੇ ਵਿਦੇਸ਼ ਚਲੇ ਗਏ ਹਨ।ਘਰ ਵਿੱਚ ਜੀਆਂ ਦੀ ਘਾਟ ਹੋਣ ਕਰਕੇ ਦਿਲ ਨੂੰ ਹੌਲ ਪੈਂਦੇ ਹਨ।ਘਰ ਹੁਣ ਪਹਿਲਾਂ ਵਰਗੇ ਘਰ ਨਹੀਂ ਰਹੇ !ਇਹ ਵਿਗੋਚਾ ਕਵੀ ਨੂੰ ਪਰੇਸ਼ਾਨ ਕਰਦਾ ਹੈ।ਕਿਤਾਬਾਂ ਦੀਆਂ ਵਿਭਿੰਨ ਵੰਨਗੀਆਂ ਬਾਰੇ,ਉਨ੍ਹਾਂ ਦੇ ਸੁਭਾਅ ਬਾਰੇ,ਉਨ੍ਹਾਂ ਦੀ ਉਪਯੋਗਤਾ ਬਾਰੇ,ਉਨ੍ਹਾਂ ਦੇ ਰਾਹ ਦਸੇਰੀਆਂ ਹੋਣ ਦੇ ਸੱਚ ਆਦਿ ਬਾਰੇ ਕਵੀ ਬੜੀਆਂ ਮੁੱਲਵਾਨ ਗੱਲਾਂ ਕਰਦਾ ਹੈ।ਇਸ ਸਮੇਂ ਵਿੱਚ ਅਜਿਹੀਆਂ ਗਰਮ ਹਵਾਵਾਂ ਚੱਲ ਰਹੀਆਂ ਹਨ ਕਿ ਬਦਕਿਸਮਤ ਮਾਵਾਂ ਨੇ ਰੋ ਰੋ ਕੇ ਆਪਣੀਆਂ ਅੱਖਾਂ ਚੁੰਨ੍ਹੀਆਂ ਕਰ ਲਈਆਂ ਹਨ।ਸਮੇਂ ਦੀ ਕੁਲੱਖਣੀ ਪੀੜ ਵਿੱਚੋਂ ਜਨਮ ਲੈਂਦੀ ਕਵਿਤਾ 'ਚੜ੍ਹਿਆ ਸੋਧਿਣ ਧਰਤ ਲੋਕਾਈ' ਨੂੰ ਮੈਂ ਇਸ ਪੁਸਤਕ ਦੀਆਂ ਬਿਹਤਰੀਨ,ਉੱਚ-ਮਿਆਰੀ ਤੇ ਮੁੱਲਵਾਨ ਕਵਿਤਾਵਾਂ ਵਿੱਚ ਸ਼ੁਮਾਰ ਕਰਦਾ ਹਾਂ।ਇਹ ਨਜ਼ਮ ਇਸ ਕਾਇਨਾਤ ਦੇ ਦਰਦ ਨੂੰ ਆਪਣੇ ਅੰਦਰ ਸਮੋਅ ਲੈਣ ਲਈ ਤਤਪਰ ਹੁੰਦੀ ਹੈ :

ਬਾਬਰਾਂ ਔਰੰਗਜ਼ੇਬਾਂ ਵਰਗੇ ਕੁਝ ਲੋਕ
ਪੀਰਾਂ, ਪੈਗੰਬਰਾਂ ਤੇ ਗੁਰੂਆਂ ਨੂੰ
ਆਪਸ ਵਿੱਚ ਲੜਾਉਣਾ ਚਾਹੁੰਦੇ ਨੇ
ਦੇਸ਼ ਭਗਤਾਂ ਦੀ ਜ਼ਮੀਨ ਨੂੰ
ਕਤਲਗਾਹ ਬਣਾਉਣਾ ਚਾਹੁੰਦੇ ਨੇ (ਪੰਨਾ 122)

'ਕੁਝ ਉਦਾਸ ਕਵਿਤਾਵਾਂ' ਬੇਸ਼ੱਕ ਉਦਾਸ ਹਨ ਪਰ ਉਨ੍ਹਾਂ ਵਿਚਲੀ ਮਿਠਾਸ ਮਹਿਸੂਸ ਕਰਨ ਵਾਲੀ ਹੈ।ਕਵੀ ਜਦੋਂ ਸਮਾਜਕ/ਆਰਥਕ ਕੀਮਤਾਂ ਵਿੱਚ ਆਉਂਦੀ ਗਿਰਾਵਟ ਨੂੰ ਵੇਖਦਾ ਹੈ,ਨੈਤਿਕ ਮੁੱਲਾਂ ਵਿੱਚ ਆਏ ਨਿਘਾਰ ਬਾਰੇ ਸੋਚਦਾ ਹੈ ਅਤੇ ਸਭ ਤੋਂ ਵਧ ਕੇ ਇਨਸਾਨੀਅਤ ਦੇ ਹੋ ਰਹੇ ਘਾਣ ਪ੍ਰਤੀ ਫਿਕਰਮੰਦੀ ਪ੍ਰਗਟ ਕਰਦਾ ਹੈ ਤਾਂ ਉਸਦਾ ਮਨ ਉਚਾਟ ਤੇ ਉਦਾਸ ਹੋ ਜਾਂਦਾ ਹੈ।ਉਹ ਮਨੁੱਖ ਦੀਆਂ ਅਧੂਰੀਆਂ ਰਹਿ ਗਈਆਂ ਖ਼ਾਹਿਸ਼ਾਂ ਵਿੱਚੋਂ ਮਿਲਦੀ ਉਦਾਸੀ,ਮਨੁੱਖੀ ਮਨ ਦੀ ਕਠੋਰਤਾ,ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ,ਪ੍ਰਾਪਤੀ-ਅਪ੍ਰਾਪਤੀ,ਮਨੁੱਖ ਦੀਆਂ ਗਲਤੀਆਂ,ਉਸਦੀਆਂ ਊਣਤਾਈਆਂ,ਨਿੱਤ ਨਵੀਆਂ ਉਲਝਣਾਂ, ਉਸਦੀਆਂ ਅਕਾਂਖਿਆਵਾਂ,ਉਸਦੀਆਂ ਸਵੈ ਗਿਲਾਨੀਆਂ ਆਦਿ ਨਾਲ ਜੁੜੇ ਸਰੋਕਾਰਾਂ ਨੂੰ ਢੁੱਕਵੇਂ ਕਾਵਿ ਮੁਹਾਵਰੇ ਵਿੱਚ ਢਾਲ ਕੇ ਪੇਸ਼ ਕਰਦਾ ਹੈ।ਉਦਾਸੀ ਤੇ ਨਿਰਾਸ਼ਤਾ ਦੇ ਆਲਮ ਵਿੱਚ ਵਿਚਰਦਿਆਂ ਕਵੀ ਦੇ ਮਨ ਵਿੱਚ ਉਦਾਸ ਪ੍ਰਕਿਰਤੀ ਦੀਆਂ ਕਵਿਤਾਵਾਂ ਦਾ ਆਵੇਸ਼ ਹੋਣਾ ਕਵੀ ਦੀ ਸਿਰਜਣ ਪ੍ਰਕਿਰਿਆ ਦਾ ਸੁਭਾਵਿਕ ਅਮਲ ਹੈ।ਕਵੀ ਮਾਸੂਮੀਅਤ ਦੇ ਕਾਤਲਾਂ ਨੂੰ ਲਲਕਾਰਦਾ ਹੈ।ਨਸ਼ਿਆਂ 'ਚ ਰੁੜ੍ਹ ਗਏ ਪੁੱਤਰਾਂ,ਹਿਜਰਤ ਕਰ ਗਏ ਧੀਆਂ ਪੁੱਤਰਾਂ ਦਾ ਦਰਦ ਮਨੁੱਖ ਦੇ ਦੁੱਖਾਂ ਵਿੱਚ ਵਾਧਾ ਕਰਦਾ ਹੈ। ਦਹਿਸ਼ਤ,ਡਰ,ਸਹਿਮ ਵਾਲਾ ਚੌਗਿਰਦਾ ਮਨੁੱਖ ਦੇ ਸਾਹ ਸੂਤੀ ਰੱਖਦਾ ਹੈ।ਦੰਗੇ ਕਰਾਉਣ ਵਾਲਿਆਂ, ਲਹੂ ਵਹਾਉਣ ਵਾਲਿਆਂ,ਬਲਦੀ 'ਤੇ ਤੇਲ ਪਾਉਣ ਵਾਲਿਆਂ,ਵਿਨਾਸ਼ਕਾਰੀ ਤੇ ਢਾਊ ਸ਼ਕਤੀਆਂ ਵਜੋਂ ਕੰਮ ਕਰਨ ਵਾਲਿਆਂ ਨੂੰ ਕਵੀ ਕਟਹਿਰੇ ਵਿੱਚ ਖੜੇ ਕਰਦਾ ਹੈ।ਇਨ੍ਹਾਂ ਉਦਾਸ ਕਵਿਤਾਵਾਂ ਵਿੱਚੋਂ ਕਿਸੇ ਤਰ੍ਹਾਂ ਦੀ ਭਾਂਜ ਦਾ ਕੋਈ ਅੰਸ਼ ਕਿਧਰੇ ਵੀ ਨਜ਼ਰ ਨਹੀਂ ਆਉਂਦਾ।ਸਗੋਂ ਕਵੀ ਸਮਝਦਾ ਹੈ ਕਿ ਮਾਨਵਤਾ ਦੇ ਸੁਪਨੇ ਕਦੇ ਤਾਂ ਅੰਗੜਾਈਆਂ ਲੈਣਗੇ ! ਕਵੀ ਨੂੰ ਮਲਾਲ ਹੈ ਕਿ ਅਸੀਂ ਆਪਣੇ ਪਿਓ-ਦਾਦਿਆਂ ਦੇ ਪੰਜਾਬ ਨੂੰ ਸੰਭਾਲ ਨਹੀਂ ਸਕੇ! ਵਕਤ ਉਦਾਸ ਹੈ,ਘਰ ਉਦਾਸ ਹਨ,ਮਨੁੱਖ ਉਦਾਸ ਹੈ, ਰੁੱਖ, ਪਾਣੀ, ਹਵਾ, ਮਿੱਟੀ ਸਭ ਉਦਾਸ ਹਨ। ਮਨੁੱਖ ਕੋਲੋਂ ਉਸਦੇ ਅਧਿਕਾਰ ਖੋਹੇ ਜਾ ਰਹੇ ਹਨ,ਜੀਊਣ ਦਾ ਹੱਕ ਖੋਹਿਆ ਜਾ ਰਿਹਾ ਹੈ। ਅਜਿਹੇ ਸਮੇਂ ਵੀ ਕਵੀ ਕਾਮਨਾ ਕਰਦਾ ਹੈ ਕਿ ਇਸ ਧਰਤੀ 'ਤੇ ਮੁਹੱਬਤ ਦੀ ਫਸਲ ਵਧੇ-ਫੁੱਲੇ ਤੇ ਪੰਜਾਬ ਦੀ ਸੀਰਤ ਤੇ ਸ਼ਨਾਖ਼ਤ ਸਲਾਮਤ ਰਹੇ !

ਇਹ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਕਵਿਤਾ ਦੀ ਸੁਭਾਵਿਕ ਪ੍ਰਕਿਰਤੀ ਹੈ ਕਿ ਉਸਦੀ ਕਾਵਿਕਾਰੀ ਨਿਰੰਤਰ ਗਤੀਸ਼ੀਲ ਕਾਵਿ ਸਾਧਨਾ ਦੇ ਸਮਤੁਲ ਉਸਰਦੀ ਹੈ।ਅਸਲ ਵਿੱਚ ਕਵਿਤਾ ਉਸ ਅੰਦਰ ਵਸੇਬਾ ਕਰਦੀ ਹੈ,ਉਸ ਅੰਦਰ ਜੀਊਂਦੀ ਹੈ।ਉਹ ਤੇ ਕਵਿਤਾ ਜੀਕਣ ਇਕ-ਮਿਕ ਹੋਵਣ !ਆਪਣੀ ਜ਼ਿੰਦਗੀ ਅਤੇ ਕਵਿਤਾ ਨੂੰ ਉਹ ਵੱਖ-ਵੱਖ ਕਰਕੇ ਨਹੀਂ ਵੇਖ ਸਕਦਾ !ਇਸਨੂੰ ਕਵੀ ਦੇ ਜਨੂੰਨ ਦੀ ਸਿਖਰ ਹੀ ਕਿਹਾ ਜਾ ਸਕਦਾ ਹੈ ਕਿ ਕਵਿਤਾ ਨੂੰ ਉਹ ਆਪਣੇ ਵਿਅਕਤਿਤਵ ਤੇ ਹੋਂਦ ਦੀ ਸਮਭਾਵੀ ਤਸੱਵਰ ਕਰਨ ਲੱਗਦਾ ਹੈ।

ਇਸ ਅਸਲੀਅਤ ਨੂੰ ਕਵੀ ਬੜੀ ਸ਼ਿੱਦਤ ਨਾਲ ਕਵਿਤਾਉਂਦਾ ਹੈ ਕਿ ਆਪਣਿਆਂ ਕੋਲੋਂ ਵਿਛੜਨਾ ਬੜਾ ਤਕਲੀਫ਼ਦੇਹ ਅਨੁਭਵ ਹੁੰਦਾ ਹੈ।ਇਹ ਕਵਿਤਾਵਾਂ ਸਮੇਂ ਦੇ ਸੱਚ 'ਤੇ ਪਹਿਰਾ



ਦਿੰਦੀਆਂ ਹਨ ਤੇ ਮਨੁੱਖੀ ਸੂਝ ਦੇ ਕਵਾੜ ਖੋਲ੍ਹਣ ਲਈ ਮਨੁੱਖ ਦੇ ਮਨ-ਮਸਤਕ 'ਤੇ ਦਸਤਕ ਦਿੰਦੀਆਂ ਹਨ।ਇਹ ਕਾਵਿ ਪ੍ਰਵਚਨ ਥਾਂ ਪਰ ਥਾਂ ਕਈ ਪ੍ਰਸ਼ਨ ਉਠਾਉਂਦੇ ਹਨ,ਜਿਨ੍ਹਾਂ ਰਾਹੀਂ ਕਵੀ ਕਈ ਸੂਖਮਭਾਵੀ ਸਰੋਕਾਰਾਂ ਦੇ ਨਾਲ ਨਾਲ ਬੜੀਆਂ ਤੀਖਣ ਤੇ ਤੀਬਰ ਸਮਾਜਕ/ਆਰਥਕ ਸਮੱਸਿਆਵਾਂ ਵੱਲ ਵੀ ਸੰਕੇਤ ਕਰ ਜਾਂਦਾ ਹੈ। ਅਜਿਹੀਆਂ ਕਵਿਤਾਵਾਂ ਦੀ ਰਚਨਾਕਾਰੀ ਕਵੀ ਦੀ ਬੌਧਿਕਤਾ ਤੇ ਵਿਦਵਤਾ ਦੀ ਸੂਚਨਾ ਵੀ ਦਿੰਦੀਆਂ ਹਨ।

ਪੁਸਤਕ ਵਿਚਲੇ ਰਚਨਾ ਸੰਸਾਰ ਨੂੰ ਮੈਂ ਪ੍ਰੋ.ਔਜਲਾ ਦੀ 'ਸਮਾਜਕ ਪ੍ਰਤੀ ਫਿਕਰਮੰਦੀ ਵਿੱਚੋਂ ਉਪਜਦੀਆਂ ਕਵਿਤਾਵਾਂ ਦਾ ਸ਼ਿਲਾਲੇਖ' ਕਹਿ ਸਕਦਾ ਹਾਂ।ਬਹੁ ਪਾਸਾਰੀ,ਬਹੁ ਸੰਭਾਵੀ ਸਿਰਜਣਾਤਮਿਕ ਪਾਸਾਰਾਂ ਨਾਲ ਜੁੜਦੀਆਂ ਇਹ ਕਵਿਤਾਵਾਂ ਕਵੀ ਦੀ ਸੂਖਮ ਕਾਵਿ ਦ੍ਰਿਸ਼ਟੀ ਦਾ ਬੋਧ ਕਰਾਉਂਦੀਆਂ ਹਨ।ਕਵੀ ਆਪਣੀ ਕਾਵਿ ਸ਼ਿਲਪ ਯੋਗਤਾ ਦਾ ਸਦਉਪਯੋਗ ਕਰਦਿਆਂ ਕਵਿਤਾ ਉਪਰ ਪਕੜ ਬਣਾਈ ਰੱਖਦਾ ਹੈ।ਸ਼ਬਦ ਯੋਗਤਾ ਦੀ ਸਮਰੱਥ ਜੜਤ ਦੇ ਆਧਾਰ 'ਤੇ ਉਸਰਦੀ ਪ੍ਰੋ.ਔਜਲਾ ਦੀ ਕਵਿਤਾ ਵਿਸਥਾਰ ਕਰਦੀ ਜਾਂਦੀ ਹੈ ਤੇ ਆਪਣਾ ਥੀਮਕ ਵਾਤਾਵਰਨ ਸਿਰਜ ਲੈਂਦੀ ਹੈ।ਕਵਿਤਾ ਰਾਹੀਂ ਆਪਣੇ ਵਿਚਾਰਾਂ ਦਾ ਸੁਹਜਭਾਵੀ ਪ੍ਰਗਟਾਵਾ ਕਰਦਿਆਂ ਕਵੀ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ।ਇਸ ਪੁਸਤਕ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਪ੍ਰੋ.ਕਲਵੰਤ ਸਿੰਘ ਔਜਲਾ ਦੀ ਕਵਿਤਾ ਪਾਠਕ ਨਾਲ ਸਾਰਥਕ ਸੰਵਾਦ ਰਚਾਉਣ ਵਿੱਚ ਕਾਮਯਾਬ ਹੁੰਦੀ ਹੈ।ਪਾਠਕਾਂ ਤੱਕ ਰਸਾਈ ਕਰਨ ਵਾਲਾ ਸੁਨੇਹਾ ਪਹੁੰਚਾਉਂਦੀ,ਸੂਝ ਨੂੰ ਕੁਰੇਦਦੀ ਤੇ ਚਿੰਤਨ ਕਰਨ ਲਈ ਉਤੇਜਿਤ ਕਰਦੀ ਇਸ ਬਹੁਮੁੱਲੀ ਤੇ ਵਿਲੱਖਣ ਪੁਸਤਕ ਦਾ ਸਵਾਗਤ ਕਰਦਿਆਂ ਮੈਂ ਖ਼ੁਸ਼ੀ ਅਨੁਭਵ ਕਰ ਰਿਹਾ ਹਾਂ।



ਸਾਂਝੀ ਸੋਚ
ਡਾ.ਪ੍ਰਿਤਪਾਲ ਸਿੰਘ ਮਹਿਰੋਕ
98885-10185

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਆਈਸ ਦੀਆਂ ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨ ਕਾਰਵਾਈਆਂ ਘਟਣ ਦੀ ਸੰਭਾਵਨਾ ਨਹੀਂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਮਿਡਟਰਮ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੀ ਵੱਡੀ ਹਾਰ ਦੇ ਬਾਵਜੂਦ ਆਈਸ ਦੀਆਂ ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨ ਕਾਰਵਾਈਆਂ ਤੁਰੰਤ ਘਟਣ ਦੀ ਸੰਭਾਵਨਾ ਨਹੀਂ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਤੇ ਆਈਸ ਨੂੰ ਇਨਫੋਰਸਮੈਂਟ ਘਟਾਉਣ ਬਾਰੇ ਕੋਈ ਨਵਾਂ ਹੁਕਮ ਨਹੀਂ ਮਿਲਿਆ। ਇਸਦੇ ਉਲਟ, ਏਜੰਸੀ ਨੂੰ ਹਫ਼ਤੇ ਵਿਚ ਲਗਭਗ 19,000 ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦਾ ਟੀਚਾ ਦਿੱਤਾ ਗਿਆ ਹੈ। ਇਹ ਰੋਜ਼ਾਨਾ ਕਰੀਬ 2,700 ਗ੍ਰਿਫ਼ਤਾਰੀਆਂ ਬਣਦੀਆਂ ਹਨ। ਪਹਿਲਾਂ ਇਹ ਟੀਚਾ ਲਗਭਗ 2,000 ਪ੍ਰਤੀ ਦਿਨ ਸੀ।

ਸਟੀਫਨ ਮਿਲਰ ਨੂੰ ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ਼ ਬਣਾਉਣਾ ਵੀ ਸਖ਼ਤ ਇਮੀਗ੍ਰੇਸ਼ਨ ਨੀਤੀ ਜਾਰੀ ਰਹਿਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਮਿਲਰ ਲੰਬੇ ਸਮੇਂ ਤੋਂ ਵੱਡੇ ਪੱਧਰ ਦੀ ਡਿਪੋਰਟੇਸ਼ਨ, ਹਿਰਾਸਤ ਵਧਾਉਣ ਅਤੇ ਲੀਗਲ ਇਮੀਗ੍ਰੇਸ਼ਨ ਨੂੰ ਸੀਮਤ ਕਰਨ ਵਾਲੀਆਂ ਨੀਤੀਆਂ ਦੇ ਸਮਰਥਕ ਰਹੇ ਹਨ।

ਜਨਵਰੀ ਵਿਚ ਡੈਮੋਕ੍ਰੈਟ ਹਾਊਸ ਅਤੇ ਸੈਨੇਟ ਦਾ ਕੰਟਰੋਲ ਸੰਭਾਲਣ ਤੋਂ ਬਾਅਦ ਆਈਸ ਉੱਤੇ ਸੁਣਵਾਈ,



ਤਫ਼ਤੀਸ਼ ਅਤੇ ਗਵਾਹੀਆ ਰਾਹੀਂ ਦਬਾਅ ਪਾ ਸਕਦੇ ਹਨ। ਉਹ ਡਿਟੈਂਸ਼ਨ ਕੰਡੀਸ਼ਨਜ਼, ਗ੍ਰਿਫ਼ਤਾਰੀ ਤਰੀਕਿਆਂ, ਖਰਚੇ ਅਤੇ ਸਥਾਨਕ ਪੁਲਿਸ ਨਾਲ ਸਹਿਯੋਗ ਦੀ ਜਾਂਚ ਕਰ ਸਕਦੇ ਹਨ। ਪਰ ਆਈਸ ਨੂੰ 2029 ਤੱਕ ਵੱਡੀ ਫੈਡਰਲ ਫੰਡਿੰਗ ਪਹਿਲਾਂ ਹੀ ਮਿਲੀ ਹੋਈ ਹੈ। ਟਰੰਪ ਵੀ ਇਨਫੋਰਸਮੈਂਟ ਘਟਾਉਣ ਵਾਲੇ ਬਿੱਲਾਂ ਨੂੰ ਵੀਟੋ ਕਰ ਸਕਦੇ ਹਨ।

ਕੁਝ ਸ਼ਹਿਰ ਅਤੇ ਰਾਜ ਲੋਕਲ ਪੁਲਿਸ ਦਾ ਆਈਸ ਨਾਲ ਸਹਿਯੋਗ ਘਟਾ ਸਕਦੇ ਹਨ, ਪਰ ਇਸ ਨਾਲ ਫੈਡਰਲ ਏਜੰਟਾਂ ਦੀ ਆਪਣੀ ਕਾਰਵਾਈ ਬੰਦ ਨਹੀਂ ਹੁੰਦੀ। ਜਿਨ੍ਹਾਂ ਲੋਕਾਂ ਕੋਲ ਪੁਰਾਣਾ ਡਿਪੋਰਟੇਸ਼ਨ ਆਰਡਰ, ਆਈਸ ਚੈੱਕ-ਇਨ ਜਾਂ ਇਮੀਗ੍ਰੇਸ਼ਨ ਕੋਰਟ ਦੀ ਤਾਰੀਖ ਹੈ, ਉਹ ਅਪੁਆਇੰਟਮੈਂਟ ਨੂੰ ਨਜ਼ਰਅੰਦਾਜ਼ ਨਾ ਕਰਨ। ਆਪਣੇ ਦਸਤਾਵੇਜ਼ ਤਿਆਰ ਰੱਖਣ, ਪਰਿਵਾਰ ਲਈ ਐਮਰਜੈਂਸੀ ਪਲਾਨ ਬਣਾਉਣ ਅਤੇ ਯੋਗ ਵਕੀਲ ਤੋਂ ਆਪਣੇ ਅਧਿਕਾਰ ਸਮਝਣੇ ਮਹੱਤਵਪੂਰਨ ਹਨ।

ਵਧੇ ਹੋਏ ਟੀਚੇ ਨਾਲ ਡਿਟੈਂਸ਼ਨ ਸੈਂਟਰਾਂ, ਇਮੀਗ੍ਰੇਸ਼ਨ ਅਦਾਲਤਾਂ ਅਤੇ ਕਾਨੂੰਨੀ ਸਹਾਇਤਾ ਸਮੂਹਾਂ ਉੱਤੇ ਹੋਰ ਦਬਾਅ ਪੈ ਸਕਦਾ ਹੈ। ਇਹ ਟੀਚਾ ਅੰਦਰੂਨੀ ਹਦਾਇਤ ਹੈ; ਅਸਲ ਗ੍ਰਿਫ਼ਤਾਰੀਆਂ ਦੀ ਗਿਣਤੀ ਹਰ ਦਿਨ ਵੱਖ ਰਹੇਗੀ ਅਤੇ ਇਲਾਕੇ ਅਨੁਸਾਰ ਬਦਲੇਗੀ।

ਅਮਰੀਕਾ 'ਚ ਪਾਸਪੋਰਟ ਗੁਆਚਣ 'ਤੇ ਭਾਰਤ ਪਰਤਣ ਲਈ ਨਵੀਂ ਸਹੂਲਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਪਾਸਪੋਰਟ ਗੁਆਉਣ ਵਾਲੇ ਭਾਰਤੀ ਨਾਗਰਿਕਾਂ ਦੀ ਸਹੂਲਤ ਲਈ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਜਨਰਲ ਨੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਵਿਚ ਪਾਸਪੋਰਟ ਦੁਬਾਰਾ ਜਾਰੀ ਕਰਵਾਉਣ ਅਤੇ ਐਮਰਜੈਂਸੀ ਦਸਤਾਵੇਜ਼ਾਂ ਰਾਹੀਂ ਭਾਰਤ ਵਾਪਸ ਆਉਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਜਨਤਕ ਸਲਾਹ ਵਿਚ ਕੌਂਸਲੇਟ ਨੇ ਆਪਣੇ ਵਰਚੁਅਲ ਕੌਂਸਲਰ ਸਹਾਇਕ 'ਭਾਰਤੀ' ਰਾਹੀਂ ਇਹ ਪ੍ਰਕਿਰਿਆ ਸਮਝਾਈ ਅਤੇ ਪਾਸਪੋਰਟ ਧਾਰਕਾਂ ਨੂੰ ਭਰੋਸਾ ਦਿਵਾਇਆ ਕਿ ਅਜਿਹੀ ਸਥਿਤੀ ਵਿਚ ਉਨ੍ਹਾਂ ਨੂੰ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਕੌਂਸਲੇਟ ਅਨੁਸਾਰ, ਜੇਕਰ ਕਿਸੇ ਭਾਰਤੀ ਨਾਗਰਿਕ ਦਾ ਪਾਸਪੋਰਟ ਅਮਰੀਕਾ ਵਿਚ ਗੁਆਚ ਜਾਂਦਾ ਹੈ, ਤਾਂ ਉਸ ਨੂੰ ਸਭ ਤੋਂ ਪਹਿਲਾਂ ਸਥਾਨਕ ਪੁਲਿਸ ਕੋਲ ਘਟਨਾ ਦੀ ਰਿਪੋਰਟ ਦਰਜ ਕਰਵਾਉਣੀ ਚਾਹੀਦੀ ਹੈ ਅਤੇ ਪੁਲਿਸ ਰਿਪੋਰਟ ਦੀ ਇੱਕ ਕਾਪੀ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਲੋੜੀਂਦੇ ਦਸਤਾਵੇਜ਼ਾਂ ਸਮੇਤ ਵੀ.ਐੱਫ.ਐੱਸ ਗਲੋਬਲ ਰਾਹੀਂ



ਨਵਾਂ ਪਾਸਪੋਰਟ ਜਾਰੀ ਕਰਵਾਉਣ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ।

ਕੌਂਸਲੇਟ ਨੇ ਦੱਸਿਆ ਕਿ ਅਮਰੀਕਾ ਵਿਚ ਸੈਰ-ਸਪਾਟੇ ਲਈ ਆਏ ਭਾਰਤੀ ਨਾਗਰਿਕ ਜਾਂ ਉਹ ਲੋਕ, ਜਿਨ੍ਹਾਂ ਨੂੰ ਕਿਸੇ ਜ਼ਰੂਰੀ ਕਾਰਨ ਕਰਕੇ ਤੁਰੰਤ ਭਾਰਤ ਪਰਤਣਾ ਹੈ, ਐਮਰਜੈਂਸੀ ਸਰਟੀਫਿਕੇਟ ਲੈਣ ਲਈ ਸਿੱਧਾ ਕੌਂਸਲੇਟ ਨਾਲ ਸੰਪਰਕ ਕਰ ਸਕਦੇ ਹਨ।

ਇਹ ਦਸਤਾਵੇਜ਼ ਭਾਰਤ ਵਾਪਸੀ ਲਈ ਇਕ ਪਾਸੇ ਦੀ ਯਾਤਰਾ ਵਾਸਤੇ ਵਰਤਿਆ ਜਾਂਦਾ ਹੈ। ਕੌਂਸਲੇਟ ਅਨੁਸਾਰ, ਇਹ ਸਰਟੀਫਿਕੇਟ ਵੀਕਐਂਡ ਅਤੇ ਸਰਕਾਰੀ ਛੁੱਟੀਆਂ ਵਾਲੇ ਦਿਨਾਂ ਵਿਚ ਵੀ ਜਾਰੀ ਕੀਤਾ ਜਾ ਸਕਦਾ ਹੈ। ਕੌਂਸਲੇਟ ਨੇ ਬਿਨੈਕਾਰਾਂ ਨੂੰ ਪ੍ਰਕਿਰਿਆ ਅਤੇ ਲੋੜੀਂਦੇ ਦਸਤਾਵੇਜ਼ਾਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਆਪਣੀ ਅਧਿਕਾਰਤ ਵੈੱਬਸਾਈਟ ਵੇਖਣ ਦੀ ਸਲਾਹ ਦਿੱਤੀ ਹੈ। ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਜਨਰਲ ਆਪਣੇ ਅਧਿਕਾਰ ਖੇਤਰ ਵਿਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਨੂੰ ਪਾਸਪੋਰਟ ਅਤੇ ਐਮਰਜੈਂਸੀ ਕੌਂਸਲਰ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਅਮਰੀਕਾ ਵਿਚ ਭਾਰਤੀ ਕੌਂਸਲੇਟ ਵੱਲੋਂ ਪਾਸਪੋਰਟ ਨਾਲ ਸਬੰਧਤ ਅਰਜ਼ੀਆਂ ਦੀ ਪ੍ਰਕਿਰਿਆ ਵਿਚ ਵੀ.ਐੱਫ.ਐੱਸ. ਗਲੋਬਲ ਸਹੂਲਤ ਪ੍ਰਦਾਨ ਕਰਦਾ ਹੈ, ਜਦਕਿ ਐਮਰਜੈਂਸੀ ਸਰਟੀਫਿਕੇਟ ਖ਼ਾਸ ਹਾਲਾਤ ਵਿਚ ਯੋਗ ਵਿਅਕਤੀਆਂ ਨੂੰ ਭਾਰਤ ਵਾਪਸ ਜਾਣ ਦੀ ਸਹੂਲਤ ਦੇਣ ਲਈ ਜਾਰੀ ਕੀਤੇ ਜਾਂਦੇ ਹਨ।

ਅਸੀਂ ਇਮੀਗ੍ਰੇਸ਼ਨ ਸੁਧਾਰ ਚਾਹੁੰਦੇ ਹਾਂ, ਪਰ ਡਿਪੋਰਟੇਸ਼ਨ ਲਈ ਹੋਰ ਫੰਡ ਦੇਣ ਦੇ ਹੱਕ ਵਿਚ ਨਹੀਂ- ਹਕੀਮ ਜੈਫ਼ਰੀਜ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਹਾਊਸ ਵਿਚ ਡੈਮੋਕ੍ਰੈਟਿਕ ਪਾਰਟੀ ਦੇ ਆਗੂ ਹਕੀਮ ਜੈਫ਼ਰੀਜ਼ ਦਾ ਕਹਿਣਾ ਹੈ ਕਿ ਦੇਸ਼ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵੱਡੇ ਅਤੇ ਵਿਆਪਕ ਸੁਧਾਰਾਂ ਦੀ ਲੋੜ ਹੈ। ਪਰ ਉਨ੍ਹਾਂ ਕਿਹਾ ਕਿ ਡੈਮੋਕ੍ਰੈਟ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵੱਡੇ ਪੱਧਰ 'ਤੇ ਡਿਪੋਰਟੇਸ਼ਨ ਮੁਹਿੰਮ ਲਈ ਹੋਰ ਸਰਕਾਰੀ ਪੈਸਾ ਨਹੀਂ ਦੇਣਗੇ। ਜੈਫ਼ਰੀਜ਼ ਜਨਵਰੀ ਵਿਚ ਡੈਮੋਕ੍ਰੈਟਾਂ ਦੇ ਹਾਊਸ ਦਾ ਕੰਟਰੋਲ ਸੰਭਾਲਣ 'ਤੇ ਸਪੀਕਰ ਬਣ ਸਕਦੇ ਹਨ। ਜੈਫ਼ਰੀਜ਼ ਨੇ ਕਿਹਾ ਕਿ ਇਮੀਗ੍ਰੇਸ਼ਨ ਸੁਧਾਰ ਦੋਵਾਂ ਪਾਰਟੀਆਂ ਦੀ ਸਹਿਮਤੀ ਨਾਲ ਹੋਣੇ ਚਾਹੀਦੇ ਹਨ ਅਤੇ ਕਾਨੂੰਨ ਲਾਗੂ ਕਰਨ ਦੀ ਕਾਰਵਾਈ ਨਿਆਂਪੂਰਨ ਤੇ ਮਨੁੱਖੀ ਹੋਣੀ ਚਾਹੀਦੀ ਹੈ। ਉਨ੍ਹਾਂ ਅਨੁਸਾਰ, ਟੈਕਸਦਾਤਿਆਂ ਦਾ ਪੈਸਾ ਲੋਕਾਂ ਦੀ ਜ਼ਿੰਦਗੀ ਸੌਖੀ ਬਣਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਏਜੰਸੀ (ਆਈਸ) ਨੂੰ ਪਹਿਲਾਂ ਹੀ 75 ਅਰਬ ਡਾਲਰ ਦਿੱਤੇ ਜਾ ਚੁੱਕੇ ਹਨ ਅਤੇ ਡੈਮੋਕ੍ਰੈਟ ਇਸ ਰਕਮ ਨੂੰ ਹੋਰ ਤਰਜੀਹਾਂ ਵੱਲ ਮੋੜਨ ਦੀ ਕੋਸ਼ਿਸ਼ ਕਰਨਗੇ। ਇਹ ਜੈਫ਼ਰੀਜ਼ ਦਾ ਬਿਆਨ ਹੈ; ਡੈਮੋਕ੍ਰੈਟਾਂ ਨੂੰ ਆਪਣੀ ਨੀਤੀ ਲਾਗੂ ਕਰਨ ਲਈ ਕਾਂਗਰਸ ਵਿਚ ਸਮਰਥਨ ਲੋੜੀਂਦਾ ਹੋਵੇਗਾ। ਜੈਫ਼ਰੀਜ਼ ਨੇ "ਅਮਰੀਕਨ ਡ੍ਰੀਮ ਐਂਡ ਪ੍ਰਾਮਿਸ ਐਕਟ" ਨੂੰ ਅੱਗੇ ਵਧਾਉਣ ਦੀ ਗੱਲ ਵੀ ਕੀਤੀ। ਇਹ ਪ੍ਰਸਤਾਵ ਉਨ੍ਹਾਂ ਲੋਕਾਂ ਨੂੰ ਸਥਾਈ ਕਾਨੂੰਨੀ ਦਰਜਾ ਦੇ ਸਕਦਾ ਹੈ, ਜੋ ਬਚਪਨ ਵਿਚ ਅਮਰੀਕਾ ਆਏ ਸਨ ਜਾਂ ਜਿਨ੍ਹਾਂ ਦਾ ਅਸਥਾਈ ਸੁਰੱਖਿਅਤ ਦਰਜਾ ਰੱਦ ਹੋ ਗਿਆ ਹੈ। ਯੋਗਤਾ ਲਈ 2021 ਤੋਂ ਅਮਰੀਕਾ ਵਿਚ ਰਹਿਣਾ, ਪਿਛੋਕੜ ਜਾਂਚ ਪਾਸ ਕਰਨੀ ਅਤੇ ਪੜ੍ਹਾਈ, ਫੌਜੀ ਸੇਵਾ ਜਾਂ ਰੁਜ਼ਗਾਰ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈ ਸਕਦੀਆਂ ਹਨ। ਟਰੰਪ ਨੇ ਕਿਹਾ ਹੈ ਕਿ ਉਹ ਸਖ਼ਤ ਡਿਪੋਰਟੇਸ਼ਨ ਨੀਤੀ ਜਾਰੀ ਰੱਖਣਗੇ ਅਤੇ ਕਿਸੇ ਤਰ੍ਹਾਂ ਦੀ ਆਮ ਮਾਫ਼ੀ ਨਹੀਂ ਹੋਵੇਗੀ, ਪਰ ਕੰਮ ਕਰਨ ਵਾਲੇ ਪ੍ਰਵਾਸੀਆਂ ਬਾਰੇ ਗੱਲਬਾਤ ਲਈ ਤਿਆਰ ਹਨ। ਇਸ ਲਈ



ਇਮੀਗ੍ਰੇਸ਼ਨ ਸੁਧਾਰਾਂ 'ਤੇ ਦੋਵਾਂ ਪਾਰਟੀਆਂ ਵਿਚਾਲੇ ਸਮਝੌਤਾ ਹੋਵੇਗਾ ਜਾਂ ਨਹੀਂ, ਇਹ ਅਜੇ ਸਪੱਸ਼ਟ ਨਹੀਂ।

JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





ਰਾਜਿੰਦਰ ਟਾਂਡਾ

“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਅੱਜ ਹੀ ਕਾਲ ਕਰੋ :

Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

ਕਪੂਰਥਲਾ ਦੇ ਪਿੰਡ ਕਾਲਵਾਂ 'ਚ ਪਰਾਲੀ ਦੇ ਡੰਪ ਨੂੰ ਲੱਗੀ ਭਿਆਨਕ ਅੱਗ, ਲੱਖਾਂ ਰੁਪਏ ਦੀ ਪਰਾਲੀ ਸੜ ਕੇ ਸੁਆਹ

ਕਪੂਰਥਲਾ
ਸਾਂਝੀ ਸੋਚ ਬਿਊਰੋ



ਜ਼ਿਲ੍ਹਾ ਕਪੂਰਥਲਾ ਦੇ ਪਿੰਡ ਕਾਲਵਾਂ ਵਿਖੇ ਪਰਾਲੀ ਦੇ ਡੰਪ ਵਿੱਚ ਅਚਾਨਕ ਭਿਆਨਕ ਅੱਗ ਲੱਗਣ ਕਾਰਨ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ। ਅੱਗ ਇੰਨੀ ਭਿਆਨਕ ਸੀ ਕਿ ਕੁਝ ਹੀ ਸਮੇਂ ਵਿੱਚ ਇਸ ਨੇ ਪਰਾਲੀ ਦੀਆਂ ਵੱਡੀ ਗਿਣਤੀ ਵਿੱਚ ਰੱਖੀਆਂ ਗੱਠਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਦੀਆਂ ਉੱਚੀਆਂ-ਉੱਚੀਆਂ ਲਪਟਾਂ ਦੂਰੋਂ ਹੀ ਦਿਖਾਈ ਦੇ ਰਹੀਆਂ ਸਨ, ਜਦਕਿ ਪਰਾਲੀ ਦੇ ਸੜਨ ਕਾਰਨ ਉੱਠ ਰਹੇ ਕਾਲੇ ਧੂੰਏਂ ਨੇ ਅਸਮਾਨ ਦਾ ਰੰਗ ਤੱਕ ਬਦਲ ਦਿੱਤਾ।

ਮੁੱਢਲੀ ਜਾਣਕਾਰੀ ਅਨੁਸਾਰ ਡੰਪ ਵਿੱਚ ਵੱਡੀ ਮਾਤਰਾ ਵਿੱਚ ਇਕੱਠੀ ਕੀਤੀ ਗਈ ਪਰਾਲੀ ਨੂੰ ਅੱਗ ਲੱਗਣ ਕਾਰਨ ਲੱਖਾਂ ਰੁਪਏ ਦੇ ਸਟਾਕ ਦੇ ਸੜ ਕੇ ਸੁਆਹ ਹੋਣ ਦਾ ਖਦਸ਼ਾ ਹੈ। ਅੱਗ ਨੇ ਇੰਨੀ ਤੇਜ਼ੀ ਨਾਲ ਫੈਲਾਅ ਕੀਤਾ ਕਿ ਪਰਾਲੀ ਦੀਆਂ ਗੱਠਾਂ ਵਿੱਚੋਂ ਉੱਠਦੀਆਂ ਲਪਟਾਂ ਨੇ ਆਸ-ਪਾਸ ਦੇ ਇਲਾਕੇ ਨੂੰ ਵੀ ਧੂੰਏਂ ਨਾਲ ਭਰ ਦਿੱਤਾ। ਘਟਨਾ ਦੀ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਉਣ ਲਈ ਜੰਗੀ ਪੱਧਰ 'ਤੇ ਯਤਨ ਸ਼ੁਰੂ ਕਰ ਦਿੱਤੇ। ਪਰਾਲੀ ਦੀਆਂ ਵੱਡੀ ਗਿਣਤੀ ਵਿੱਚ ਗੱਠਾਂ ਇਕੱਠੀਆਂ ਹੋਣ ਕਾਰਨ ਅੱਗ ਬੁਝਾਉਣ ਵਿੱਚ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਫਾਇਰ ਬ੍ਰਿਗੇਡ ਦੇ ਕਰਮਚਾਰੀ ਲਗਾਤਾਰ ਪਾਣੀ ਦੀਆਂ ਬੁਛਾੜਾਂ ਮਾਰ ਕੇ ਅੱਗ ਨੂੰ ਹੋਰ ਫੈਲਣ ਤੋਂ ਰੋਕਣ ਅਤੇ ਇਸ 'ਤੇ ਕਾਬੂ ਪਾਉਣ ਵਿੱਚ ਜੁਟੇ ਹੋਏ ਹਨ। ਫਿਲਹਾਲ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਘਟਨਾ ਵਿੱਚ ਹੋਏ ਕੁੱਲ ਆਰਥਿਕ ਨੁਕਸਾਨ ਦਾ ਅੰਦਾਜ਼ਾ ਵੀ ਅੱਗ ਪੂਰੀ ਤਰ੍ਹਾਂ ਬੁਝਣ ਅਤੇ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਹੀ ਸਾਹਮਣੇ ਆਵੇਗਾ। ਪਿੰਡ ਕਾਲਵਾਂ ਵਿੱਚ ਵਾਪਰੀ ਇਸ ਘਟਨਾ ਨੇ ਇੱਕ ਵਾਰ ਫਿਰ ਪਰਾਲੀ ਦੇ ਵੱਡੇ ਸਟਾਕ ਨੂੰ ਸੁਰੱਖਿਅਤ ਰੱਖਣ ਅਤੇ ਅੱਗ ਤੋਂ ਬਚਾਅ ਦੇ ਪ੍ਰਬੰਧਾਂ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਡੈਮੋਕ੍ਰੈਟਾਂ ਨਾਲ ਇਮੀਗ੍ਰੇਸ਼ਨ ਡੀਲ ਦੀ ਗੱਲਬਾਤ ਸ਼ੁਰੂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ ਨੇ ਕਿਹਾ ਹੈ ਕਿ ਮਿਡਟਰਮ ਚੋਣਾਂ ਤੋਂ ਬਾਅਦ ਕੁਝ ਡੈਮੋਕ੍ਰੈਟਿਕ ਆਗੂਆਂ ਨੇ ਇਮੀਗ੍ਰੇਸ਼ਨ ਸੁਧਾਰ ਬਾਰੇ ਗੱਲਬਾਤ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਹੈ। ਮੁਲਿਨ ਮੁਤਾਬਕ ਉਨ੍ਹਾਂ ਨੇ ਇਹ ਜਾਣਕਾਰੀ ਰਾਸ਼ਟਰਪਤੀ ਟਰੰਪ ਨੂੰ ਦਿੱਤੀ ਅਤੇ ਟਰੰਪ ਨੇ ਸ਼ੁਰੂਆਤੀ ਗੱਲਬਾਤ ਜਾਰੀ ਰੱਖਣ ਲਈ ਕਿਹਾ। ਹਾਲਾਂਕਿ ਹੁਣ ਤੱਕ ਕਿਸੇ ਖਾਸ ਬਿੱਲ, ਸਮਝੌਤੇ ਜਾਂ ਨੀਤੀ ਉੱਤੇ ਸਹਿਮਤੀ ਨਹੀਂ ਬਣੀ।

ਮੁਲਿਨ ਨੇ ਸਪੱਸ਼ਟ ਕੀਤਾ ਕਿ ਉਹ ਬਿਨਾਂ ਕਾਨੂੰਨੀ ਦਰਜੇ ਦੇ ਰਹਿ ਰਹੇ ਲੋਕਾਂ ਲਈ ਵੱਡੀ "ਐਮਨੈਸਟੀ" ਦੇ ਹੱਕ ਵਿਚ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਸਮਝੌਤੇ ਵਿਚ ਸਰਹੱਦੀ ਸੁਰੱਖਿਆ, ਗੰਭੀਰ ਅਪਰਾਧੀਆਂ ਦੀ ਡਿਪੋਰਟੇਸ਼ਨ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਮਹੱਤਵਪੂਰਨ ਰਹੇਗੀ। ਲੰਬੇ ਸਮੇਂ ਤੋਂ ਕੰਮ ਕਰਦੇ, ਟੈਕਸ ਭਰਦੇ ਅਤੇ ਬਿਨਾਂ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਲਈ ਕੀ ਰਾਹ ਬਣ ਸਕਦਾ ਹੈ, ਇਸ ਬਾਰੇ ਉਨ੍ਹਾਂ ਨੇ ਕੋਈ ਪੱਕਾ ਜਵਾਬ ਨਹੀਂ ਦਿੱਤਾ।

ਨੌਜਵਾਨਾਂ ਬਾਰੇ ਮੁਲਿਨ ਨੇ ਕਿਹਾ ਕਿ ਅੰਤਿਮ ਹੱਲ ਕਾਂਗਰਸ ਨੂੰ ਕਾਨੂੰਨ ਰਾਹੀਂ ਕਰਨਾ ਪਵੇਗਾ। ਇਸਦਾ ਮਤਲਬ ਇਹ ਨਹੀਂ ਕਿ ਧਅਛਅ ਲਾਭਪਾਤਰੀਆਂ ਲਈ ਕੋਈ ਨਵੀਂ ਛੋਟ ਜਾਂ ਗ੍ਰੀਨ ਕਾਰਡ ਦਾ ਰਾਹ ਹੁਣੇ ਖੁੱਲ੍ਹ ਗਿਆ ਹੈ। ਮੌਜੂਦਾ ਸੁਰੱਖਿਆ ਅਤੇ ਅਦਾਲਤੀ ਕੇਸ ਆਪਣੀ ਥਾਂ ਜਾਰੀ ਹਨ।

ਡੈਮੋਕ੍ਰੈਟ ਜਨਵਰੀ ਵਿਚ ਹਾਊਸ ਅਤੇ ਸੈਨੇਟ ਦਾ ਕੰਟਰੋਲ ਸੰਭਾਲਣਗੇ, ਇਸ ਲਈ ਦੋਵੇਂ ਪਾਰਟੀਆਂ ਉੱਤੇ ਸਮਝੌਤਾ ਕਰਨ ਦਾ ਦਬਾਅ ਵਧ ਸਕਦਾ ਹੈ। ਪਰ ਵ੍ਹਾਈਟ ਹਾਊਸ ਵਿਚ ਸਟੀਫਨ ਮਿਲਰ ਦੀ ਵਧੀ ਹੋਈ ਭੂਮਿਕਾ ਸਖ਼ਤ ਵੋਟ ਨੂੰ ਨੀਤੀ ਜਾਰੀ ਰਹਿਣ ਦਾ ਸੰਕੇਤ ਦਿੰਦੀ ਹੈ। ਇਸ ਵੇਲੇ ਇਹ ਸਿਰਫ਼ ਗੱਲਬਾਤ ਦੀ ਸ਼ੁਰੂਆਤ ਹੈ, ਕੋਈ ਕਾਨੂੰਨ ਨਹੀਂ। ਇਸ ਲਈ ਲੋਕਾਂ ਨੂੰ ਅਫਵਾਹਾਂ ਤੋਂ ਬਚਣਾ ਅਤੇ ਸਿਰਫ਼ ਸਰਕਾਰੀ ਐਲਾਨਾਂ ਉੱਤੇ ਭਰੋਸਾ ਕਰਨਾ ਚਾਹੀਦਾ ਹੈ।

ਕਿਸੇ ਸੰਭਾਵੀ ਡੀਲ ਵਿਚ ਬਾਰਡਰ ਫੰਡਿੰਗ, ਅਸਾਇਲਮ ਰੂਲਸ, ਵਰਕ ਔਥਰਾਈਜ਼ੇਸ਼ਨ ਅਤੇ ਲੰਬੇ ਸਮੇਂ ਤੋਂ ਰਹਿੰਦੇ ਪਰਿਵਾਰਾਂ ਦਾ ਦਰਜਾ ਸ਼ਾਮਲ ਹੋ ਸਕਦਾ ਹੈ, ਪਰ ਇਹ ਸਿਰਫ਼ ਅੰਦਾਜ਼ਾ ਹੈ। ਅਧਿਕਾਰਤ ਡਰਾਫਟ ਅਜੇ ਸਾਹਮਣੇ ਨਹੀਂ ਆਇਆ। ਕੋਈ ਡੀਏਸੀਏ ਹੇਠ ਸੁਰੱਖਿਆ ਪ੍ਰਾਪਤ

ਜੀ.ਓ.ਪੀ ਦੀ ਹਾਰ ਤੋਂ ਬਾਅਦ ਇਮੀਗ੍ਰੇਸ਼ਨ ਸੁਧਾਰ ਦੀ ਉਮੀਦ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਅਮਰੀਕਾ ਦੀਆਂ ਮਿਡਟਰਮ ਚੋਣਾਂ ਵਿਚ ਰਿਪਬਲਿਕਨ ਪਾਰਟੀ ਨੂੰ ਹੋਏ ਨੁਕਸਾਨ ਤੋਂ ਬਾਅਦ ਇਮੀਗ੍ਰੇਸ਼ਨ ਸੁਧਾਰ ਬਾਰੇ ਚਰਚਾ ਮੁੜ ਤੇਜ਼ ਹੋ ਗਈ ਹੈ। ਇਮੀਗ੍ਰੈਂਟ ਹੱਕਾਂ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ 10 ਮਿਲੀਅਨ ਤੋਂ ਵੱਧ ਬਿਨਾਂ ਕਾਨੂੰਨੀ ਦਰਜੇ ਵਾਲੇ ਲੋਕਾਂ ਲਈ ਰਾਹਤ ਅਤੇ ਕਾਨੂੰਨੀ ਦਰਜੇ ਦੀ ਮੰਗ ਕਰ ਰਹੀਆਂ ਹਨ। ਉਹ ਡੈਮੋਕ੍ਰੈਟਿਕ ਪਾਰਟੀ ਨੂੰ ਅਪੀਲ ਕਰ ਰਹੀਆਂ ਹਨ ਕਿ ਨਵੀਂ ਕਾਂਗਰਸ ਵਿਚ ਇਮੀਗ੍ਰੇਸ਼ਨ ਸੁਧਾਰ ਨੂੰ ਤਰਜੀਹ ਦਿੱਤੀ ਜਾਵੇ। ਜਨਵਰੀ ਤੋਂ ਡੈਮੋਕ੍ਰੈਟਸ ਕਾਂਗਰਸ ਦੇ ਦੋਵੇਂ ਸਦਨਾਂ ਵਿਚ ਬਹੁਮਤ ਸੰਭਾਲਣਗੇ, ਜਿਸ ਨਾਲ ਇਸ ਵਿਸ਼ੇ 'ਤੇ ਸੁਣਵਾਈ ਅਤੇ ਬਿੱਲਾਂ ਬਾਰੇ ਚਰਚਾ ਵਧ ਸਕਦੀ ਹੈ। ਇਸ ਚਰਚਾ ਵਿਚ "ਡਿਗਨਿਟੀ ਐਕਟ" ਨੂੰ ਇੱਕ ਸੰਭਾਵੀ ਪ੍ਰਸਤਾਵ ਵਜੋਂ ਦੇਖਿਆ ਜਾ ਰਿਹਾ ਹੈ। ਇਹ ਦੋ-ਪਾਰਟੀ ਬਿੱਲ ਰਿਪਬਲਿਕਨ ਕਾਂਗਰਸ ਮੈਂਬਰ ਮਾਰੀਆ ਐਲਵੀਰਾ ਸਲਾਜ਼ਾਰ ਅਤੇ ਡੈਮੋਕ੍ਰੈਟਿਕ ਕਾਂਗਰਸ ਮੈਂਬਰ ਵੇਰੋਨਿਕਾ ਐਸਕੋਬਾਰ ਨੇ ਪੇਸ਼ ਕੀਤਾ ਸੀ। ਬਿੱਲ ਅਨੁਸਾਰ, ਕੁਝ ਸ਼ਰਤਾਂ ਪੂਰੀਆਂ ਕਰਨ ਵਾਲੇ ਯੋਗ ਲੋਕਾਂ ਨੂੰ ਸੱਤ ਸਾਲ ਲਈ ਡਿਪੋਰਟੇਸ਼ਨ ਤੋਂ ਰਾਹਤ, ਕੰਮ ਕਰਨ ਦੀ ਇਜਾਜ਼ਤ ਅਤੇ ਯਾਤਰਾ ਦੀ ਸਹੂਲਤ ਮਿਲ ਸਕਦੀ ਹੈ। ਪ੍ਰਸਤਾਵ ਵਿਚ ਪਿਛੋਕੜ ਦੀ ਜਾਂਚ, ਰੁਜ਼ਗਾਰ ਜਾਂ ਪੜ੍ਹਾਈ, ਟੈਕਸਾਂ ਅਤੇ ਫੀਸਾਂ ਨਾਲ ਜੁੜੀਆਂ ਸ਼ਰਤਾਂ ਵੀ ਹਨ। ਇਹ ਪ੍ਰਸਤਾਵ ਆਮ ਤੌਰ 'ਤੇ ਆਪਣੇ ਆਪ ਗ੍ਰੀਨ ਕਾਰਡ ਜਾਂ ਨਾਗਰਿਕਤਾ ਦਾ ਰਾਹ ਨਹੀਂ ਦਿੰਦਾ। ਪਰ ਡਿਗਨਿਟੀ ਐਕਟ ਹਾਲੇ ਕਾਨੂੰਨ ਨਹੀਂ ਬਣਿਆ। ਇਸ ਨੂੰ ਕਾਂਗਰਸ ਦੇ ਦੋਵੇਂ ਸਦਨਾਂ ਤੋਂ ਮਨਜ਼ੂਰੀ ਨਹੀਂ ਮਿਲੀ ਅਤੇ ਇਸ ਦੇ ਤਹਿਤ ਕੋਈ ਅਰਜ਼ੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ। ਇਸ ਲਈ ਜੇ ਕੋਈ ਇਸ ਬਿੱਲ ਦੇ ਨਾਂ 'ਤੇ ਰਜਿਸਟ੍ਰੇਸ਼ਨ ਕਰਵਾਉਣ ਜਾਂ ਪੈਸੇ ਦੇਣ ਲਈ ਕਹੇ ਤਾਂ ਸਾਵਧਾਨ ਰਹੋ। ਚੋਣਾਂ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਡੈਮੋਕ੍ਰੈਟਸ ਨਾਲ ਇਮੀਗ੍ਰੇਸ਼ਨ ਬਾਰੇ ਗੱਲਬਾਤ ਦੀ ਇੱਛਾ ਜਤਾਈ ਹੈ। ਇਸ ਦੇ ਬਾਵਜੂਦ, ਰਿਪੋਰਟਾਂ ਮੁਤਾਬਕ ਪ੍ਰਸ਼ਾਸਨ ਨੇ ਆਈਸ ਦੀਆਂ ਕਾਰਵਾਈਆਂ ਘਟਾਉਣ ਦੇ ਹੁਕਮ ਨਹੀਂ ਦਿੱਤੇ। ਇਸ ਵੇਲੇ ਕਿਸੇ ਨਵੇਂ ਕਾਨੂੰਨੀ ਦਰਜੇ ਦੀ ਗਾਰੰਟੀ ਨਹੀਂ ਹੈ। ਆਪਣੇ ਕੇਸ ਬਾਰੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰੋ।

Space available for Ad
Contact # +1 (209) 303-1260
Contact # +91 81463-20009

GILL INSURANCE AGENCY
Specialize in: CROP INSURANCE
We also Specialize in:
Hotel, Motel, Gas Station,
Liquor Stores, Apartments,
Any kind of Commercial Property
Nationwide Agribusiness
Thank you for making us the #1 farm insurance
We do 48 States
- Largest crop insurance in Nation
- We work with 100+ admitted insurance carrier
Toll Free
1-800-348-2767
Harry Gill
(559) 352-9222 Cell
Avtar Singh Gill
Harry Singh Gill
2452, West Tahoe Avenue, Caruthers, CA-93609



Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates · Cathay Pacific · Asiana Airlines · Jet Airways · China Airlines · British Airways · Singapore Airlines · Lufthansa · ANA

ਭਾਈਚਾਰਕ ਸਾਂਝ ਕਾਇਮ ਰੱਖਣਾ ਕਿਸੇ ਇੱਕ ਫਿਰਕੇ ਦੀ ਜ਼ਿੰਮੇਵਾਰੀ ਨਹੀਂ,ਸਗੋਂ ਸਭਨਾਂ ਦਾ ਫਰਜ਼ ਹੈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਭਾਰਤ ਦੁਨੀਆ ਦਾ ਅਜਿਹਾ ਮੁਲਕ ਹੈ ਜਿੱਥੇ ਵੱਖ-ਵੱਖ ਸੂਬਿਆਂ ਅੰਦਰ ਵੱਖ ਵੱਖ ਭਾਸ਼ਾਵਾਂ, ਧਰਮਾਂ, ਮਜ਼ਹਬਾਂ ਅਤੇ ਫਿਰਕਿਆਂ ਨਾਲ ਸਬੰਧਤ ਲੋਕ ਵੱਸਦੇ ਹਨ। ਭਾਰਤ ਦੀ ਅਸਲ ਖੂਬਸੂਰਤੀ ਹੀ ਇਸ ਦੀ ਵੰਨ-ਸੁਵੰਨਤਾ ਵਿੱਚ ਹੈ। ਇਸੇ ਵੰਨ-ਸੁਵੰਨਤਾ ਨੇ ਭਾਰਤ ਨੂੰ ਦੁਨੀਆ ਵਿੱਚ ਇੱਕ ਵੱਖਰੀ ਪਛਾਣ ਦਿੱਤੀ ਹੈ। ਪਰ ਇਸ ਖੂਬਸੂਰਤੀ ਨੂੰ ਕਾਇਮ ਰੱਖਣਾ ਅਤੇ ਦੇਸ਼ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਕਿਸੇ ਇੱਕ ਧਰਮ ਜਾਂ ਫਿਰਕੇ ਦੀ ਜ਼ਿੰਮੇਵਾਰੀ ਨਹੀਂ ਹੋ ਸਕਦੀ। ਇਸ ਲਈ ਦੇਸ਼ ਦੇ ਸਾਰੇ ਧਰਮਾਂ, ਮਜ਼ਹਬਾਂ ਅਤੇ ਭਾਈਚਾਰਿਆਂ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਪਵੇਗੀ। ਖ਼ਾਸ ਕਰਕੇ ਉਸ ਬਹੁਗਿਣਤੀ ਭਾਈਚਾਰੇ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੀ ਸਿਆਸੀ ਧਿਰ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ, ਜਿਸ ਦੇ ਹੱਥਾਂ ਵਿੱਚ ਦੇਸ਼ ਦੀ ਸੱਤਾ ਹੈ ਅਤੇ ਜੋ 140 ਕਰੋੜ ਲੋਕਾਂ ਦੇ ਮੁਲਕ ਦੀ ਅਗਵਾਈ ਕਰ ਰਹੀ ਹੈ।

ਮੈਂ ਇਹ ਗੱਲ ਕਿਸੇ ਸਿਧਾਂਤਕ ਬਹਿਸ ਦੇ ਆਧਾਰ ਉੱਤੇ ਨਹੀਂ ਕਰ ਰਿਹਾ, ਬਲਕਿ ਹੁਣੇ ਹੀ ਆਪਣੇ ਇੱਕ ਨਿੱਜੀ ਤਜਰਬੇ ਵਿੱਚੋਂ ਮੈਨੂੰ ਅਜਿਹਾ ਮਹਿਸੂਸ ਹੋਇਆ ਹੈ। ਬੰਦੀ ਛੋੜ ਦਿਵਸ ਅਤੇ ਦੀਵਾਲੀ ਮੌਕੇ ਮਿਲੀਆਂ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਨੂੰ ਦੇਖਦਿਆਂ ਮੈਨੂੰ ਇੱਕ ਅਜਿਹਾ ਵਿਤਕਰਾ ਅਤੇ ਭੇਦ ਭਾਵ ਮਹਿਸੂਸ ਹੋਇਆ, ਜਿਸ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਬੰਦੀ ਛੋੜ ਦਿਵਸ ਅਤੇ ਦਿਵਾਲੀ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਆਏ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਵਿੱਚ ਮੇਰੇ ਧਿਆਨ ਵਿੱਚ ਕੋਈ ਅਜਿਹਾ ਸੁਨੇਹਾ ਨਹੀਂ ਆਇਆ, ਜਿਸ ਵਿੱਚ ਕਿਸੇ ਹਿੰਦੂ ਭਰਾ ਵੱਲੋਂ ਦੀਵਾਲੀ ਦੇ ਨਾਲ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਵੀ ਦਿੱਤੀਆਂ ਗਈਆਂ ਹੋਣ। ਉਨ੍ਹਾਂ ਵੱਲੋਂ ਭੇਜੇ ਗਏ ਗ੍ਰੀਟਿੰਗ ਕਾਰਡਾਂ ਵਿੱਚ ਸਿਰਫ਼ ਦੀਵਾਲੀ ਦੀ ਖੁਸ਼ੀ ਦਾ ਪ੍ਰਗਟਾਵਾ ਸੀ। ਇਹ ਗੱਲ ਮੇਰੇ ਲਈ ਹੈਰਾਨੀ ਅਤੇ ਅਫ਼ਸੋਸ ਦਾ ਕਾਰਨ ਬਣੀ। ਇਸ ਦੇ ਉਲਟ ਸਿੱਖਾਂ ਵੱਲੋਂ ਭੇਜੇ ਗਏ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਵਿੱਚ, ਭਾਵੇਂ ਉਹ ਕਿਸੇ ਵੀ ਧਰਮ ਜਾਂ ਫਿਰਕੇ ਨਾਲ ਸਬੰਧਤ ਵਿਅਕਤੀ ਨੂੰ ਭੇਜੇ ਗਏ ਹੋਣ, ਬੰਦੀ ਛੋੜ ਦਿਵਸ ਦੇ ਨਾਲ ਦਿਵਾਲੀ ਦਾ ਜ਼ਿਕਰ ਵੀ ਓਨੀ ਹੀ ਸ਼ਿੱਦਤ ਨਾਲ ਕੀਤਾ ਗਿਆ। ਇਸ ਦਾ ਕਾਰਨ ਇਹ ਹੈ ਕਿ ਸਿੱਖਾਂ ਦੀ ਸੋਚ ਵਿੱਚ ਦੂਜੇ ਧਰਮਾਂ ਦੇ ਤਿਉਹਾਰਾਂ ਅਤੇ ਖੁਸ਼ੀਆਂ ਨੂੰ ਸਤਿਕਾਰ ਦੇਣ ਦੀ ਭਾਵਨਾ ਉਹਨਾਂ ਦੇ ਜਿਹਨ ਵਿੱਚ ਗਹਿਰੀ ਉੱਤਰੀ ਹੋਈ ਹੈ। ਸਿੱਖ ਕਿਸੇ ਕੁਦਰਤੀ ਕਰੋਪੀ ਦੇ ਸਮਿਆਂ ਵਿੱਚ ਸੇਵਾਵਾਂ ਨਿਭਾਉਂਦਿਆਂ ਕਦੇ ਵੀ ਇਹ ਨਹੀਂ ਦੇਖਦੇ ਕਿ ਸਾਹਮਣੇ ਵਾਲਾ ਵਿਅਕਤੀ ਕਿਸ ਧਰਮ ਜਾਂ ਮਜ਼ਹਬ ਨਾਲ ਸਬੰਧਤ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਸਤਿਕਾਰ ਅਤੇ ਸਾਂਝ ਦੋਵੇਂ ਪਾਸਿਆਂ ਤੋਂ ਨਹੀਂ ਹੋਣੀ ਚਾਹੀਦੀ ? ਇਹ ਗੱਲ ਸਮਝਣ ਦੀ ਲੋੜ ਹੈ ਕਿ ਬੰਦੀ ਛੋੜ ਦਿਵਸ ਸਿਰਫ਼ ਸਿੱਖਾਂ ਦਾ ਤਿਉਹਾਰ ਨਹੀਂ, ਸਗੋਂ ਇਸ ਦਾ ਇਤਿਹਾਸ ਹਿੰਦੂ ਭਾਈਚਾਰੇ ਨਾਲ ਵੀ ਡੂੰਘਾ ਸਬੰਧ ਰੱਖਦਾ ਹੈ।



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋਏ ਤਾਂ ਉਨ੍ਹਾਂ ਨੇ ਆਪਣੀ ਰਿਹਾਈ ਦੇ ਨਾਲ ਉੱਥੇ ਕੈਦ 52 ਹਿੰਦੂ ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਰੱਖੀ ਸੀ। ਗੁਰੂ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਇਕੱਲੇ ਆਜ਼ਾਦ ਹੋ ਕੇ ਕਿਲ੍ਹੇ ਵਿੱਚੋਂ ਬਾਹਰ ਨਹੀਂ ਜਾਣਗੇ, ਸਗੋਂ ਬਾਕੀ ਕੈਦੀਆਂ ਨੂੰ ਵੀ ਨਾਲ ਲੈ ਕੇ ਜਾਣਗੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਦੀ ਇਹ ਸ਼ਰਤ ਪ੍ਰਵਾਨ ਕੀਤੀ ਅਤੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ। ਇਸੇ ਮਹਾਨ ਪਰਉਪਕਾਰ ਕਰਕੇ ਗੁਰੂ ਸਾਹਿਬ ਨੂੰ ਬੰਦੀ ਛੋੜ ਦਾਤਾ ਕਿਹਾ ਜਾਣ ਲੱਗਾ। ਜੇਕਰ ਇਸ ਘਟਨਾ ਨੂੰ ਕੁੱਝ ਗੰਭੀਰਤਾ ਨਾਲ ਸਮਝਿਆ ਜਾਵੇ ਤਾਂ ਸਿੱਖਾਂ ਲਈ ਇਹ ਦਿਨ ਆਪਣੇ ਗੁਰੂ ਪਾਤਸ਼ਾਹ ਦੀ ਰਿਹਾਈ ਦੀ ਖੁਸ਼ੀ ਦਾ ਦਿਨ ਹੈ, ਪਰ ਹਿੰਦੂ ਭਾਈਚਾਰੇ ਲਈ ਵੀ ਇਹ ਦਿਨ ਘੱਟ ਮਹੱਤਵਪੂਰਨ ਨਹੀਂ ਹੋਣਾ ਚਾਹੀਦਾ, ਕਿਉਂਕਿ ਉਨ੍ਹਾਂ ਦੇ 52 ਰਾਜਿਆਂ ਨੂੰ ਵੀ ਗੁਰੂ ਸਾਹਿਬ ਦੀ ਮਿਹਰਬਾਨੀ ਸਦਕਾ ਉਸੇ ਦਿਨ ਬੰਦੀਖਾਨੇ ਵਿੱਚੋਂ ਆਜ਼ਾਦੀ ਮਿਲੀ ਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਰਿਹਾਈ ਨੂੰ ਦੂਜਿਆਂ ਦੀ ਰਿਹਾਈ ਨਾਲ ਜੋੜ ਕੇ ਮਨੁੱਖਤਾ, ਨਿਆਂ ਅਤੇ ਪਰਉਪਕਾਰ ਦੀ ਜਿਹੜੀ ਮਿਸਾਲ ਕਾਇਮ ਕੀਤੀ, ਉਹ ਦੁਨੀਆ ਦੇ ਇਤਿਹਾਸ ਵਿੱਚ ਬੇਮਿਸਾਲ ਹੈ। ਇਸ ਲਈ ਜੇਕਰ ਹਿੰਦੂ ਭਾਈਚਾਰਾ ਵੀ ਦੀਵਾਲੀ ਦੇ ਨਾਲ ਬੰਦੀ ਛੋੜ ਦਿਵਸ ਨੂੰ ਯਾਦ ਕਰਦਾ ਹੈ ਤਾਂ ਇਸ ਵਿੱਚ ਸਿੱਖਾਂ ਉੱਤੇ ਕੋਈ ਅਹਿਸਾਨ ਨਹੀਂ ਹੋਵੇਗਾ, ਸਗੋਂ ਆਪਣੇ ਹੀ ਇਤਿਹਾਸ ਦੇ ਇੱਕ ਮਹੱਤਵਪੂਰਨ ਪੱਖ ਨੂੰ ਸਤਿਕਾਰ ਦੇਣਾ ਹੋਵੇਗਾ।

ਇਸ ਮਾਮਲੇ ਵਿੱਚ ਮੈਨੂੰ ਇਸ ਤੋਂ ਵੀ ਵੱਧ ਅਫ਼ਸੋਸ ਉਨ੍ਹਾਂ ਸਿੱਖਾਂ ਦੇ ਸੁਨੇਹਿਆਂ ਨੂੰ ਦੇਖ ਕੇ ਹੋਇਆ, ਜਿਹੜੇ ਆਪਣੇ ਆਪ ਨੂੰ ਲਿਬਰਲ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਸੋਚਣ ਵਾਲੇ ਸਮਝਦੇ ਹਨ। ਉਨ੍ਹਾਂ ਵੱਲੋਂ ਵੀ ਸਿਰਫ਼ ਦੀਵਾਲੀ ਦੀਆਂ ਮੁਬਾਰਕਾਂ ਹੀ ਭੇਜੀਆਂ ਗਈਆਂ। ਸਵਾਲ ਇਹ ਹੈ ਕਿ ਜੇਕਰ ਅਸੀਂ ਆਪਣੇ ਇਤਿਹਾਸ, ਆਪਣੀ ਪਛਾਣ ਅਤੇ ਆਪਣੇ ਗੁਰੂ ਸਾਹਿਬਾਨ ਨਾਲ ਜੁੜੇ ਪਵਿੱਤਰ ਦਿਹਾੜਿਆਂ ਨੂੰ ਹੀ ਆਪਣੀ ਸਮਾਜਿਕ ਸੋਚ ਵਿੱਚੋਂ ਮਨਫ਼ੀ ਕਰਨਾ ਸ਼ੁਰੂ ਕਰ ਦੇਵਾਂਗੇ ਤਾਂ ਫਿਰ ਸਾਡੀ ਮੌਲਿਕਤਾ ਕਿੱਥੇ ਰਹਿ ਜਾਵੇਗੀ ?

ਦੂਜੇ ਧਰਮਾਂ ਦਾ ਸਤਿਕਾਰ ਕਰਨਾ ਅਤੇ ਆਪਣੀ ਪਛਾਣ ਨੂੰ ਭੁਲਾ ਦੇਣਾ ਦੋ ਵੱਖਰੀਆਂ ਗੱਲਾਂ ਹਨ। ਮੇਰੇ ਖ਼ਿਆਲ ਵਿੱਚ ਕਿਸੇ ਨੂੰ ਲਿਬਰਲ ਹੋਣ ਲਈ ਆਪਣੀ ਵਿਰਾਸਤ ਤੋਂ ਦੂਰ ਹੋਣ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ। ਇੱਥੇ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਮੇਰਾ ਮਕਸਦ ਕਿਸੇ ਹਿੰਦੂ ਭਰਾ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਜਾਂ ਸਮੁੱਚੇ ਹਿੰਦੂ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਨਹੀਂ ਹੈ। ਮੈਂ ਤਾਂ ਸਿਰਫ਼ ਉਸ ਸੋਚ ਉੱਤੇ ਸਵਾਲ ਉਠਾ ਰਿਹਾ ਹਾਂ, ਜਿਸ ਵਿੱਚ ਦੂਜੇ ਭਾਈਚਾਰੇ ਦੀਆਂ ਇਤਿਹਾਸਕ ਅਤੇ ਧਾਰਮਿਕ ਭਾਵਨਾਵਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਮੇਰੇ ਅਜਿਹੇ ਬਹੁਤ ਸਾਰੇ ਹਿੰਦੂ ਮਿੱਤਰ ਵੀ ਹਨ, ਜਿਨ੍ਹਾਂ ਨੇ ਹਮੇਸ਼ਾ ਸਿੱਖ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ। ਪਰ ਕੁਝ ਲੋਕਾਂ ਦੇ ਵਿਹਾਰ ਨੂੰ ਦੇਖ ਕੇ ਸਮਾਜ ਵਿੱਚ ਪੈਦਾ ਹੋ ਰਹੀ ਦੂਰੀ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 51ਏ (ਈ) ਵੀ ਹਰ ਨਾਗਰਿਕ ਦਾ ਮੁੱਢਲਾ ਫ਼ਰਜ਼ ਤੈਅ ਕਰਦੀ ਹੈ ਕਿ ਉਹ ਧਾਰਮਿਕ, ਭਾਸ਼ਾਈ ਅਤੇ ਖੇਤਰੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਆਪਸੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰੇ। ਇਸ ਦਾ ਮਤਲਬ ਸਿਰਫ਼ ਇਹ ਨਹੀਂ ਕਿ ਅਸੀਂ ਇੱਕ-ਦੂਜੇ ਦੇ ਤਿਉਹਾਰਾਂ ਉੱਤੇ ਵਧਾਈ ਦੇ ਦੇਈਏ, ਸਗੋਂ ਸਾਨੂੰ ਇੱਕ-ਦੂਜੇ ਦੇ ਇਤਿਹਾਸ, ਧਾਰਮਿਕ ਭਾਵਨਾਵਾਂ ਅਤੇ ਪਛਾਣ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਦੇਸ਼ ਦੀ ਬਹੁਗਿਣਤੀ ਵੱਲੋਂ ਇਸ ਸੰਵਿਧਾਨਕ ਜ਼ਿੰਮੇਵਾਰੀ ਨੂੰ ਸਮਝਿਆ ਜਾਵੇ ਤਾਂ ਸਮਾਜ ਵਿੱਚ ਬਹੁਤ ਸਾਰੀਆਂ ਦੂਰੀਆਂ ਆਪਣੇ ਆਪ ਖ਼ਤਮ ਹੋ ਸਕਦੀਆਂ ਹਨ।

ਇਸ ਸੰਦਰਭ ਵਿੱਚ ਪੰਜਾਬ ਦੀ ਉਦਾਹਰਨ ਵੀ ਬਹੁਤ ਮਹੱਤਵਪੂਰਨ ਹੈ। ਪੰਜਾਬ ਨੇ ਬੇਹੱਦ ਸੰਵੇਦਨਸ਼ੀਲ ਅਤੇ ਮੁਸ਼ਕਲ ਦੌਰ ਦੇਖੇ ਹਨ। ਖ਼ਾਸ ਕਰਕੇ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ ਦੇ ਪਹਿਲੇ ਹਫ਼ਤੇ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਦਾ ਜੋ ਯੋਜਨਾਬੱਧ ਕਤਲੇਆਮ ਹੋਇਆ, ਉਹ ਭਾਰਤ ਦੇ ਇਤਿਹਾਸ ਦਾ ਇੱਕ ਬੇਹੱਦ ਕਾਲਾ ਅਧਿਆਇ ਹੈ। ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ, ਉਨ੍ਹਾਂ ਦੇ ਘਰ ਅਤੇ ਕਾਰੋਬਾਰ ਸਾੜੇ ਗਏ, ਪਰਿਵਾਰ ਤਬਾਹ ਕੀਤੇ ਗਏ ਅਤੇ ਔਰਤਾਂ ਨਾਲ ਅਣਮਨੁੱਖੀ ਜ਼ੁਲਮ ਹੋਏ। ਜਸਟਿਸ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿੱਚ ਵੀ ਇਨ੍ਹਾਂ ਹਮਲਿਆਂ ਅਤੇ ਸਿੱਖਾਂ ਦੀਆਂ ਜਾਨਾਂ ਤੇ ਜਾਇਦਾਦਾਂ ਨੂੰ ਹੋਏ ਨੁਕਸਾਨ ਦਾ ਵਿਸਥਾਰ ਨਾਲ ਜ਼ਿਕਰ ਦਰਜ ਹੈ। ਇੰਨੀ ਵੱਡੀ ਤ੍ਰਾਸਦੀ ਦੇ ਬਾਵਜੂਦ ਪੰਜਾਬ ਦੀ ਧਰਤੀ ਉੱਤੇ ਸਿੱਖ ਕੌਮ ਨੇ ਬਦਲੇ ਦੀ ਫਿਰਕੂ ਭਾਵਨਾ ਨੂੰ ਸਮਾਜਿਕ ਜੀਵਨ ਦਾ ਹਿੱਸਾ ਨਹੀਂ ਬਣਨ ਦਿੱਤਾ। ਪੰਜਾਬ ਵਿੱਚ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਇੱਕ-ਦੂਜੇ ਨਾਲ ਰਹਿਣ, ਦੁੱਖ-ਸੁੱਖ ਵੰਡਣ ਅਤੇ ਸਮਾਜਿਕ ਰਿਸ਼ਤੇ ਕਾਇਮ ਰੱਖਣ ਦੀ ਪਰੰਪਰਾ ਨੂੰ ਬਹੁਤ ਹੱਦ ਤੱਕ ਬਚਾਈ ਰੱਖਿਆ। ਇਹ ਸਿੱਖ ਕੌਮ ਦੀ ਉਦਾਰਤਾ, ਸਹਿਣਸ਼ੀਲਤਾ ਅਤੇ ਮਨੁੱਖਤਾ ਪ੍ਰਤੀ ਵਚਨਬੱਧਤਾ ਦੀ ਇੱਕ ਵੱਡੀ ਉਦਾਹਰਨ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਕਰਕੇ ਨਿਸ਼ਾਨਾ ਬਣਾਇਆ, ਉਨ੍ਹਾਂ ਦੇ ਭਾਈਚਾਰੇ ਨਾਲ ਸਬੰਧਤ ਹੋਣ ਕਰਕੇ ਪੰਜਾਬ ਵਿੱਚ ਰਹਿੰਦੇ ਆਮ ਹਿੰਦੂ ਲੋਕਾਂ ਨੂੰ ਨਿਸ਼ਾਨਾ ਨਾ ਬਣਾਉਣਾ ਸਿੱਖ ਸਮਾਜ ਦੀ ਸੂਝ-ਬੂਝ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਸਰਬਤ ਦੇ ਭਲੇ ਦੀ ਸਿੱਖਿਆ ਅਤੇ ਸਿਧਾਂਤਕ ਪਰਿਪੱਕਤਾ ਨੂੰ ਦਰਸਾਉਂਦਾ ਹੈ। ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਵਿੱਚ ਸਾਰੇ ਭਾਈਚਾਰਿਆਂ ਦੇ ਆਮ ਲੋਕਾਂ ਦਾ ਯੋਗਦਾਨ ਰਿਹਾ ਹੈ,ਪਰ ਜਦੋਂ ਅਜਿਹੇ ਤਿਉਹਾਰ ਆਉਂਦੇ ਹਨ,ਤਾਂ ਉਹਨਾਂ ਪਵਿੱਤਰ ਦਿਹਾੜਿਆਂ ਨੂੰ ਵੀ ਵਿਤਕਰੇ ਅਤੇ ਭੇਦ ਭਾਵ ਵਾਲੀ ਫਿਰਕੂ ਸੋਚ ਤੋ ਬਚਾ ਕੇ ਰੱਖਣ ਦੀ ਜਿੰਮੇਵਾਰੀ ਉਸ ਖਿੱਤੇ ਦੇ ਸਮੂਹ ਭਾਈਚਾਰਿਆਂ ਦੀ ਹੋਣੀ ਚਾਹੀਦੀ ਹੈ,ਜਿਹੜੇ ਸਬੰਧਤ ਖਿੱਤੇ ਦੇ ਬਸਿੰਦੇ ਹਨ,ਤਾਂਕਿ ਭਾਈਚਾਰਕ ਸਾਂਝ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਇਹ ਭਾਈਚਾਰਕ ਸਾਂਝਾਂ ਹੀ ਦੇਸ ਦੀ ਵੰਨ-ਸੁਵੰਨਤਾ ਨੂੰ ਬਚਾ ਸਕਦੀਆਂ ਹਨ।

ਅਦਾਲਤ ਵੱਲੋਂ ਆਈਸ ਹਿਰਾਸਤ 'ਚੋਂ ਸ਼ਰਣ ਮੰਗਣ ਵਾਲੇ ਪੰਜਾਬੀ ਨੂੰ ਰਿਹਾਅ ਕਰਨ ਦਾ ਹੁਕਮ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਵਾਸ਼ਿੰਗਟਨ ਰਾਜ ਵਿਚ ਇੱਕ ਸੰਘੀ ਜੱਜ ਨੇ ਸ਼ਰਣ ਮੰਗਣ ਵਾਲੇ ਪੰਜਾਬੀ ਬਲਜੀਤ ਸਿੰਘ ਨੂੰ ਆਈਸ ਹਿਰਾਸਤ ਵਿਚੋਂ ਰਿਹਾਅ ਕਰਨ ਦਾ ਹੁਕਮ ਦਿੱਤਾ। ਇਹ ਹੁਕਮ ਉਸ ਵੇਲੇ ਆਇਆ, ਜਦੋਂ ਸਰਕਾਰੀ ਵਕੀਲ ਉਸ ਦੀ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾ ਵਿਰੋਧ ਕਰਨ ਲਈ ਅਦਾਲਤ ਵਿਚ ਪੇਸ਼ ਨਹੀਂ ਹੋਏ। ਜੱਜ ਟਿਫਨੀ ਕਾਰਟਰਾਈਟ ਨੇ ਕੇਸ ਨੂੰ ਸਰਕਾਰ ਵੱਲੋਂ ਬਿਨਾਂ ਵਿਰੋਧ ਵਾਲਾ ਮੰਨਿਆ ਅਤੇ ਸਿੰਘ ਦੀ ਰਿਹਾਈ ਦਾ ਆਦੇਸ਼ ਦਿੱਤਾ। ਅਦਾਲਤੀ ਜਾਣਕਾਰੀ ਮੁਤਾਬਕ ਬਲਜੀਤ ਸਿੰਘ ਅਮਰੀਕਾ ਵਿਚ ਸ਼ਰਣ ਦੀ ਅਰਜ਼ੀ ਲੰਬਿਤ ਹੋਣ ਦੌਰਾਨ ਨਿਗਰਾਨੀ ਹੇਠ ਬਾਹਰ ਰਹਿ ਰਹੇ ਸਨ। ਸਤੰਬਰ ਵਿਚ ਉਹ ਦੋਸਤਾਂ ਨਾਲ ਇੱਕ ਸੂਬਾਈ ਪਾਰਕ ਗਏ ਸਨ। ਉੱਥੇ ਉਹ ਗਲਤੀ ਨਾਲ ਕੈਨੇਡਾ ਸਰਹੱਦ ਨੇੜੇ ਨਿਕਾਸ ਵਾਲੇ ਰਸਤੇ ਤੱਕ ਪਹੁੰਚ ਗਏ। ਇਸ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ। ਪੱਛਮੀ ਵਾਸ਼ਿੰਗਟਨ ਦੇ ਕਾਰਜਕਾਰੀ ਅਮਰੀਕੀ ਅਟਾਰਨੀ ਚਾਰਲਜ਼ ਫਲੈਂਇਡ ਨੇ ਅਕਤੂਬਰ ਵਿਚ ਅਦਾਲਤ ਨੂੰ ਦੱਸਿਆ ਸੀ ਕਿ ਦਫ਼ਤਰ ਕੋਲ ਇਮੀਗ੍ਰੇਸ਼ਨ ਹਿਰਾਸਤ ਨਾਲ ਜੁੜੇ ਸਾਰੇ ਕੇਸਾਂ ਦਾ ਬਚਾਅ ਕਰਨ ਲਈ ਲੋੜੀਂਦੇ ਸਰੋਤ ਨਹੀਂ ਹਨ। ਇਸ ਜ਼ਿਲ੍ਹੇ ਵਿਚ 2025 ਤੋਂ ਨਵੰਬਰ 2026 ਦੇ ਸ਼ੁਰੂ ਤੱਕ ਲਗਭਗ 2,000 ਹਿਰਾਸਤ-ਸਬੰਧੀ ਪਟੀਸ਼ਨਾਂ ਦਾਇਰ ਹੋਈਆਂ। ਅਜਿਹੀਆਂ ਪਟੀਸ਼ਨਾਂ ਰਾਹੀਂ ਹਿਰਾਸਤ ਵਿਚ ਲੋਕ ਅਦਾਲਤ ਤੋਂ ਆਪਣੀ ਰਿਹਾਈ ਜਾਂ ਹਿਰਾਸਤ ਦੀ ਕਾਨੂੰਨੀ ਜਾਂਚ ਦੀ ਮੰਗ ਕਰਦੇ ਹਨ।

ਜੱਜ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਮਿਸਾਲ ਦੀ ਜਾਣਕਾਰੀ ਨਹੀਂ, ਜਿੱਥੇ ਨਿਆਂ ਵਿਭਾਗ ਅਦਾਲਤ ਵਿਚ ਪੇਸ਼ ਹੋਣ ਦੀ ਬਜਾਏ ਆਪਣੀ ਗੈਰਹਾਜ਼ਰੀ ਰਾਹੀਂ ਕੇਸ ਦਾ ਵਿਰੋਧ ਨਾ ਕਰੇ। ਇਸ ਨੀਤੀ ਦਾ ਅਸਰ ਹੋਰ ਹਿਰਾਸਤੀ ਕੇਸਾਂ ਉੱਤੇ ਵੀ ਪੈ ਸਕਦਾ ਹੈ, ਪਰ ਹਰ ਕੇਸ ਦਾ ਫ਼ੈਸਲਾ ਅਦਾਲਤ ਵੱਖਰੇ ਤੌਰ 'ਤੇ ਕਰੇਗੀ।



CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਹਜ਼ਾਰ ਹੋਰ 'ਪੇਂਡੂ ਖੇਡ ਮੈਦਾਨਾਂ' ਦਾ ਕੀਤਾ ਉਦਘਾਟਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਭਰ ਦੇ 1,000 ਹੋਰ 'ਪੇਂਡੂ ਖੇਡ ਮੈਦਾਨ' ਲੋਕਾਂ ਨੂੰ ਸਮਰਪਿਤ ਕੀਤੇ, ਜਿਸ ਨਾਲ ਕੁੱਲ ਟੀਚੇ 3,100 ਵਿੱਚੋਂ ਹੁਣ ਤੱਕ ਉਦਘਾਟਨ ਕੀਤੇ ਗਏ ਕੁੱਲ ਮੈਦਾਨਾਂ ਦੀ ਗਿਣਤੀ 1,764 ਹੋ ਗਈ ਹੈ। ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵੱਲ ਲਾਉਣ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰ ਰਹੀ ਹੈ। ਫਤਹਿਗੜ੍ਹ ਸਾਹਿਬ ਦੇ ਹਲਕਾ ਅਮਲੋਹ ਦੇ ਪਿੰਡ ਸ਼ਾਹਪੁਰ ਵਿਖੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਅੰਤਰਰਾਸ਼ਟਰੀ ਖੇਡ ਪ੍ਰਤਿਭਾ ਦੇ ਹੱਬ ਵਜੋਂ ਉੱਭਰਨ ਦੀ ਨੀਂਹ ਰੱਖ ਰਿਹਾ ਹੈ, ਜਿਸ ਵਿੱਚ ਹਰ ਖੇਡ ਮੈਦਾਨ ਨੂੰ ਫੁੱਟਬਾਲ, ਹਾਕੀ, ਵਾਲੀਬਾਲ ਅਤੇ ਕ੍ਰਿਕਟ ਕਿੱਟਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਾ ਤਾਂ ਪਿੰਡਾਂ ਨੂੰ ਗ੍ਰਾਂਟਾਂ ਦਿੱਤੀਆਂ ਅਤੇ ਨਾ ਹੀ ਵਿਕਾਸ ਕਾਰਜ ਕੀਤੇ, ਜਦੋਂ ਕਿ ਸਾਡੀ ਸਰਕਾਰ ਪੇਂਡੂ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਅਥਲੀਟ ਬਣਨ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਦੇ ਮੌਕੇ ਦੇਣ ਲਈ ਖੇਡ ਬੁਨਿਆਦੀ ਢਾਂਚੇ ਨੂੰ ਪਹਿਲ ਦੇ ਰਹੀ ਹੈ। ਇਸ ਮੌਕੇ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਮੈਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਅਮਲੋਹ ਹਲਕੇ ਅਧੀਨ ਪੈਂਦੇ ਪਿੰਡ ਸ਼ਾਹਪੁਰ ਵਿਖੇ ਖੇਡ ਮੈਦਾਨ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਇਆ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਅੱਜ ਸੂਬੇ ਭਰ ਵਿੱਚ 1,000 ਨਵੇਂ ਖੇਡ ਮੈਦਾਨਾਂ ਦਾ ਉਦਘਾਟਨ ਕੀਤਾ ਹੈ। ਇਹ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵੱਲ ਵੱਡਾ ਕਦਮ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਨ੍ਹਾਂ ਖੇਡ ਮੈਦਾਨਾਂ ਵਿੱਚ ਮੁੜ੍ਹਕਾ ਡੋਲ ਕੇ ਸਾਡੇ ਨੌਜਵਾਨ ਆਉਣ ਵਾਲੇ ਸਾਲਾਂ ਵਿੱਚ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਨਗੇ।" ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਉਸਾਰੂ ਦਿਸ਼ਾ ਦੇਣ ਲਈ ਖੇਡਾਂ ਵੱਲ ਮੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਲੋਕਾਂ ਅਤੇ ਸਿਆਸੀ ਆਗੂਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇੱਕ ਸਿਹਤਮੰਦ, ਅਨੁਸ਼ਾਸਿਤ ਅਤੇ ਤਰੱਕੀ ਪਸੰਦ ਸਮਾਜ ਦੀ ਸਿਰਜਣਾ ਵਿੱਚ ਖੇਡਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਸਾਡੀ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ। ਅਸੀਂ ਅੱਜ ਲੋਕਾਂ ਨੂੰ 1,000 ਹੋਰ ਖੇਡ ਮੈਦਾਨ ਸਮਰਪਿਤ ਕਰ ਰਹੇ ਹਾਂ ਕਿਉਂਕਿ ਸਾਡੇ ਨੌਜਵਾਨਾਂ ਨੂੰ ਖੇਡਾਂ ਵਿੱਚ ਅੱਗੇ ਵਧਣ ਲਈ ਢੁਕਵੀਆਂ ਸਹੂਲਤਾਂ ਅਤੇ ਮੌਕਿਆਂ ਦੀ ਲੋੜ ਹੈ। ਉਨ੍ਹਾਂ ਦੀ ਊਰਜਾ ਨੂੰ ਖੇਡਾਂ ਵੱਲ ਲਗਾ ਕੇ ਅਸੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ ਅਤੇ ਪੰਜਾਬ ਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਾਂ।" ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੀ ਵਾਰ ਪਿੰਡਾਂ ਵਿੱਚ ਉੱਚ ਪੱਧਰੀ ਖੇਡ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਅੱਜ ਵੱਡੀ ਪੱਧਰ 'ਤੇ ਪਹਿਲਕਦਮੀ ਕੀਤੀ ਹੈ, ਜਿਸ ਨਾਲ ਪੇਂਡੂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਆਧੁਨਿਕ ਸਹੂਲਤਾਂ ਮਿਲਣੀਆਂ ਯਕੀਨੀ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ, "ਇਸ ਪਹਿਲਕਦਮੀ ਤਹਿਤ ਪੰਜਾਬ ਭਰ ਵਿੱਚ 3,100 'ਪੇਂਡੂ ਖੇਡ ਮੈਦਾਨ' ਵਿਕਸਤ ਕੀਤੇ ਜਾ ਰਹੇ ਹਨ। ਇਹ ਮੈਦਾਨ ਸਾਡੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹਨ। ਸਾਡਾ ਟੀਚਾ ਹਰ ਪਿੰਡ ਵਿੱਚ ਖੇਡ ਸੱਭਿਆਚਾਰ ਪੈਦਾ ਕਰਨਾ ਹੈ ਤਾਂ ਜੋ ਨੌਜਵਾਨ ਨਸ਼ਿਆਂ ਦੀ ਬਜਾਏ ਤੰਦਰੁਸਤੀ, ਅਨੁਸ਼ਾਸਨ ਅਤੇ ਸਕਾਰਾਤਮਕ ਗਤੀਵਿਧੀਆਂ ਨੂੰ ਚੁਣਨ।" ਮੁੱਖ ਮੰਤਰੀ ਭਗਵੰਤ ਸਿੰਘ



ਮਾਨ ਨੇ ਕਿਹਾ ਕਿ ਪਹਿਲੇ ਪੜਾਅ ਦੌਰਾਨ 4 ਮਈ ਨੂੰ 255 ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤੇ ਗਏ ਸਨ, ਜਦੋਂ ਕਿ ਦੂਜੇ ਪੜਾਅ ਦੌਰਾਨ 24 ਅਗਸਤ ਨੂੰ 509 ਹੋਰ ਮੈਦਾਨ ਸਮਰਪਿਤ ਕੀਤੇ ਗਏ ਸਨ। ਤੀਜੇ ਪੜਾਅ ਵਿੱਚ 1,000 ਮੈਦਾਨਾਂ ਦੇ ਸਮਰਪਣ ਨਾਲ ਇਹ ਮੁਹਿੰਮ ਇੱਕ ਹੋਰ ਮਹੱਤਵਪੂਰਨ ਪੜਾਅ ਵਿੱਚ ਦਾਖ਼ਲ ਹੋ ਗਈ ਹੈ। ਇਨ੍ਹਾਂ ਵਿੱਚ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 93 ਖੇਡ ਮੈਦਾਨ ਵੀ ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ, "ਅਸੀਂ ਸਿਰਫ਼ ਖੇਡ ਦੇ ਮੈਦਾਨ ਨਹੀਂ ਬਣਾ ਰਹੇ, ਅਸੀਂ ਆਪਣੇ ਪੇਂਡੂ ਨੌਜਵਾਨਾਂ ਲਈ ਮੌਕੇ ਪੈਦਾ ਕਰ ਰਹੇ ਹਾਂ। ਹਰ ਪਿੰਡ ਵਿੱਚ ਮਿਆਰੀ ਖੇਡ ਬੁਨਿਆਦੀ ਢਾਂਚਾ ਹੋਣਾ ਚਾਹੀਦਾ ਹੈ, ਜਿੱਥੇ ਬੱਚੇ ਸਿਖਲਾਈ ਲੈ ਸਕਣ, ਅਭਿਆਸ ਕਰ ਸਕਣ ਅਤੇ ਆਪਣੀਆਂ ਖੇਡ ਰੁਚੀਆਂ ਨੂੰ ਪੂਰਾ ਕਰ ਸਕਣ।" ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਨੂੰ ਆਧੁਨਿਕ ਸਹੂਲਤਾਂ ਨਾਲ ਵਿਕਸਤ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡ ਵਾਸੀ ਇਨ੍ਹਾਂ ਨੂੰ ਤੰਦਰੁਸਤੀ ਦੀਆਂ ਗਤੀਵਿਧੀਆਂ ਲਈ ਵਰਤ ਸਕਣ। ਉਨ੍ਹਾਂ ਕਿਹਾ, "ਇਨ੍ਹਾਂ ਵਿੱਚ ਛੇ ਫੁੱਟ ਉੱਚੀ ਚੇਨ-ਲਿੰਕ ਬਾਊਂਡਰੀ ਫੈਂਸਿੰਗ, ਹਰਿਆਲੀ ਵਧਾਉਣ ਲਈ ਪੌਦੇ ਲਗਾਉਣਾ, ਫੁੱਟ-ਲਾਈਟਾਂ ਵਾਲੇ ਛੇ ਫੁੱਟ ਚੌੜੇ ਵਾਕਿੰਗ ਟਰੈਕ, ਮਰਦਾਂ ਅਤੇ ਔਰਤਾਂ ਲਈ ਵੱਖਰੇ ਪਖਾਨੇ ਅਤੇ ਖੇਡ ਕਿੱਟਾਂ ਤੇ ਉਪਕਰਣਾਂ ਲਈ ਸਟੋਰ ਰੂਮ ਸ਼ਾਮਲ ਹਨ। ਮੈਦਾਨਾਂ ਦੀ ਸਹੀ ਦੇਖਭਾਲ ਯਕੀਨੀ ਬਣਾਉਣ ਲਈ ਘਾਹ ਅਤੇ ਪੌਦਿਆਂ ਨੂੰ ਪਾਣੀ ਦੇਣ ਲਈ ਸਬਮਰਸੀਬਲ ਪੰਪ ਅਤੇ ਹਾਈਡ੍ਰੈਂਟ ਵੀ ਲਾਏ ਗਏ ਹਨ।" ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਝੂਲਿਆਂ, ਪੌੜੀਆਂ ਅਤੇ ਸਲਾਈਡਾਂ ਨਾਲ ਲੈਸ ਬੱਚਿਆਂ ਦੇ ਖੇਡਣ ਲਈ ਖ਼ਾਸ ਖੇਤਰ ਵਿਕਸਤ ਕੀਤੇ ਜਾ ਰਹੇ ਹਨ, ਜਦੋਂ ਕਿ ਹਾਈ-ਮਾਸਟ ਲਾਈਟਾਂ ਮੈਦਾਨਾਂ ਵਿੱਚ ਸਹੀ ਰੌਸ਼ਨੀ ਯਕੀਨੀ ਬਣਾਉਣਗੀਆਂ। ਸਥਾਨਕ ਖੇਡ ਤਰਜੀਹਾਂ ਨੂੰ ਧਿਆਨ ਵਿੱਚ ਰੱਖਦਿਆਂ ਵਾਲੀਬਾਲ, ਫੁੱਟਬਾਲ, ਹਾਕੀ ਅਤੇ ਹੋਰ ਪ੍ਰਸਿੱਧ ਖੇਡਾਂ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, "ਇਹ ਮੈਦਾਨ ਮੁੱਢਲੀਆਂ ਖੇਡ ਸਹੂਲਤਾਂ ਤੋਂ ਕਿਤੇ ਵੱਧ ਪੇਸ਼ਕਸ਼ ਕਰਨਗੇ। ਅਸੀਂ ਮਿਆਰੀ ਘਾਹ ਨਾਲ ਹਰੇ-ਭਰੇ ਟਰਫ਼ ਤਿਆਰ ਕਰ ਰਹੇ ਹਾਂ, ਜਦੋਂ ਕਿ ਚੁਣੇ ਹੋਏ ਮੈਦਾਨਾਂ ਵਿੱਚ ਅਥਲੈਟਿਕਸ ਅਤੇ ਦੌੜ ਨੂੰ ਉਤਸ਼ਾਹਿਤ ਕਰਨ ਲਈ ਛੇ-ਲੇਨ, 400-ਮੀਟਰ ਰਨਿੰਗ ਟਰੈਕ ਵੀ ਹੋਣਗੇ। ਸਾਡਾ ਉਦੇਸ਼ ਪੰਜਾਬ ਦੇ ਹਰ ਬੱਚੇ ਤੱਕ ਖੇਡਾਂ ਦੀ ਪਹੁੰਚ ਬਣਾਉਣਾ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਪਿੰਡਾਂ ਨੂੰ ਲੋੜੀਂਦਾ ਖੇਡ ਸਾਜ਼ੋ-ਸਾਮਾਨ ਮਿਲੇ ਤਾਂ ਜੋ ਬੱਚੇ ਕਿੱਟਾਂ ਖਰੀਦਣ ਦੇ ਵਿੱਤੀ ਬੋਝ ਤੋਂ ਬਿਨਾਂ ਖੇਡਣਾ ਸ਼ੁਰੂ ਕਰ ਸਕਣ। ਉਨ੍ਹਾਂ ਅੱਗੇ ਕਿਹਾ, "ਹਰ ਪਿੰਡ ਨੂੰ ਫੁੱਟਬਾਲ ਅਤੇ ਹਾਕੀ ਦੇ ਗੋਲਪੋਸਟ, ਵਾਲੀਬਾਲ ਦੇ ਖੰਭੇ ਅਤੇ ਦੋ ਜਾਲ, ਤਿੰਨ ਵਾਲੀਬਾਲ, ਤਿੰਨ ਫੁੱਟਬਾਲ ਅਤੇ ਕ੍ਰਿਕਟ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਫੁੱਟਬਾਲ ਦੇ 36 ਜੋੜੇ ਸਟੱਡ ਸਪਲਾਈ ਕੀਤੇ ਜਾਣਗੇ, ਜਦੋਂ ਕਿ ਜਿਨ੍ਹਾਂ ਪਿੰਡਾਂ ਵਿੱਚ ਕ੍ਰਿਕਟ ਖ਼ਾਸ ਤੌਰ 'ਤੇ ਪ੍ਰਸਿੱਧ ਹੈ, ਉਨ੍ਹਾਂ ਨੂੰ ਪੂਰੀਆਂ ਕ੍ਰਿਕਟ ਕਿੱਟਾਂ ਮਿਲਣਗੀਆਂ।" ਮੁੱਖ ਮੰਤਰੀ ਨੇ ਕਿਹਾ, "ਸਿਰਫ਼ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੀ ਕਾਫ਼ੀ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਨੂੰ ਸਹੀ ਮਾਰਗਦਰਸ਼ਨ ਅਤੇ ਸਿਖਲਾਈ ਵੀ ਮਿਲੇ। ਨੌਜਵਾਨਾਂ ਨੂੰ ਮੁਫ਼ਤ ਕੋਚਿੰਗ ਦੇਣ ਲਈ ਸਾਰੇ ਖੇਡ ਮੈਦਾਨਾਂ ਵਿੱਚ ਫੁੱਟਬਾਲ ਅਤੇ ਵਾਲੀਬਾਲ ਦੇ ਕੋਚ ਤਾਇਨਾਤ ਕੀਤੇ ਜਾਣਗੇ।" ਮੁੱਖ ਮੰਤਰੀ ਨੇ ਕਿਹਾ ਕਿ ਗ੍ਰਾਮ ਪੰਚਾਇਤਾਂ ਸਮਰਪਿਤ ਕਮੇਟੀਆਂ ਰਾਹੀਂ ਇਨ੍ਹਾਂ ਖੇਡ ਮੈਦਾਨਾਂ ਦੀ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੀਆਂ। ਉਨ੍ਹਾਂ ਦੱਸਿਆ "ਇਨ੍ਹਾਂ ਕਮੇਟੀਆਂ ਵਿੱਚ ਸਰਪੰਚ, ਯੂਥ ਕਲੱਬ ਦੇ ਪ੍ਰਧਾਨ, ਸਬੰਧਤ ਜੂਨੀਅਰ ਇੰਜਨੀਅਰ (ਜੇ.ਈ.) ਅਤੇ ਪੰਚਾਇਤ ਸਕੱਤਰ ਸ਼ਾਮਲ ਹੋਣਗੇ। ਗ੍ਰਾਮ ਪੰਚਾਇਤ, ਕਮੇਟੀ ਵਿੱਚ ਇੱਕ ਮਹਿਲਾ ਮੈਂਬਰ ਜਾਂ ਕਿਸੇ ਖਿਡਾਰੀ ਨੂੰ ਵੀ ਨਾਮਜ਼ਦ ਕਰੇਗੀ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਸਹੂਲਤਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਪਿੰਡ ਪੱਧਰੀ ਕਮੇਟੀਆਂ ਦੀ ਹੋਵੇਗੀ ਤਾਂ ਜੋ ਖੇਡ ਮੈਦਾਨ ਕਾਰਜਸ਼ੀਲ ਰਹਿਣ ਅਤੇ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਬਾਕਾਇਦਾ ਤੌਰ 'ਤੇ ਵਰਤੇ ਜਾਣ। ਸਾਡਾ ਇੱਕੋ-ਇੱਕ ਉਦੇਸ਼ ਇੱਕ ਮਜ਼ਬੂਤ ਖੇਡ ਸੱਭਿਆਚਾਰ ਬਣਾਉਣਾ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ।" ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਭਗਵੰਤ ਮਾਨ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਰਾਹੀਂ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵੱਲ ਲਗਾਉਣ ਅਤੇ ਨਸ਼ਿਆਂ ਵਿਰੁੱਧ ਲੜਾਈ ਨੂੰ ਮਜ਼ਬੂਤ ਕਰਨ ਲਈ ਜ਼ਮੀਨੀ ਪੱਧਰ ਉੱਤੇ ਖੇਡ ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ ਹੈ। ਸਰਕਾਰ ਨੇ ਪੰਜਾਬ ਭਰ ਵਿੱਚ 3,100 ਆਧੁਨਿਕ 'ਪੇਂਡੂ ਖੇਡ ਮੈਦਾਨ' ਵਿਕਸਤ ਕਰਨ ਲਈ ਵਿਸ਼ੇਸ਼ ਤੌਰ 'ਤੇ 1,500 ਕਰੋੜ ਰੁਪਏ ਰੱਖੇ ਹਨ, ਜਿਸ ਵਿੱਚੋਂ 24 ਅਗਸਤ, 2026 ਤੱਕ 764 ਮੈਦਾਨ ਸਮਰਪਿਤ ਕੀਤੇ ਜਾ ਚੁੱਕੇ ਸਨ। ਇਹ ਮੈਦਾਨ ਵਾਲੀਬਾਲ, ਫੁੱਟਬਾਲ, ਕ੍ਰਿਕਟ ਅਤੇ ਰਵਾਇਤੀ ਖੇਡਾਂ ਦੀਆਂ ਸਹੂਲਤਾਂ ਨਾਲ ਲੈਸ ਹਨ, ਜਿਨ੍ਹਾਂ ਵਿੱਚ ਰਾਤ ਨੂੰ ਖੇਡਣ ਲਈ ਹਾਈ-ਮਾਸਟ ਲਾਈਟਾਂ, ਵਾਕਿੰਗ ਟਰੈਕਾਂ ਦੇ ਨਾਲ ਫੁੱਟ-ਲਾਈਟਾਂ, ਚੇਨ-ਲਿੰਕ ਫੈਂਸਿੰਗ, ਬੱਚਿਆਂ ਦੇ ਖੇਡਣ ਦੇ ਖੇਤਰ ਅਤੇ ਹੋਰ ਆਧੁਨਿਕ ਸਹੂਲਤਾਂ ਸ਼ਾਮਲ ਹਨ। ਹਰ ਪਿੰਡ ਵਿੱਚ ਵੱਖ-ਵੱਖ ਖੇਡਾਂ ਦੀ ਪ੍ਰਸਿੱਧੀ ਅਨੁਸਾਰ ਖੇਡ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜਦੋਂ ਕਿ ਇਹ ਪਹਿਲਕਦਮੀ ਬੱਚਿਆਂ ਅਤੇ ਬਜ਼ੁਰਗਾਂ ਦੀ ਭਾਈਵਾਲੀ ਨੂੰ ਵੀ ਉਤਸ਼ਾਹਿਤ ਕਰਦੀ ਹੈ। ਰਿਕਾਰਡ ਖੇਡ ਬਜਟ, ਵਿੱਤੀ ਸਹਾਇਤਾ ਅਤੇ ਖਿਡਾਰੀਆਂ ਲਈ ਮੌਕੇ ਖੇਡ ਮੈਦਾਨ ਦੇ ਬੁਨਿਆਦੀ ਢਾਂਚੇ ਤੋਂ ਇਲਾਵਾ ਸਰਕਾਰ ਨੇ 1,744 ਕਰੋੜ ਰੁਪਏ ਦਾ ਰਿਕਾਰਡ ਖੇਡ ਬਜਟ ਅਲਾਟ ਕੀਤਾ ਹੈ ਅਤੇ 600 ਪੇਂਡੂ ਜਿੰਮ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 500 ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁੱਕੇ ਹਨ। 2023 ਵਿੱਚ ਜਾਰੀ ਕੀਤੀ ਗਈ ਨਵੀਂ ਖੇਡ ਨੀਤੀ ਤਹਿਤ 2022 ਤੋਂ ਲੈ ਕੇ ਹੁਣ ਤੱਕ 40,415 ਖਿਡਾਰੀਆਂ ਨੂੰ 135 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਜਾ ਚੁੱਕੀ ਹੈ। ਓਲੰਪਿਕ ਦੀ ਤਿਆਰੀ ਲਈ 15 ਲੱਖ ਰੁਪਏ ਅਤੇ ਏਸ਼ਿਆਈ ਤੇ ਰਾਸ਼ਟਰਮੰਡਲ ਖੇਡਾਂ ਦੀ ਤਿਆਰੀ ਲਈ ਅੱਠ ਲੱਖ ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਆਪਣੇ ਖੇਡ ਕੈਲੰਡਰ ਦਾ ਵਿਸਥਾਰ ਕਰ ਰਿਹਾ ਹੈ। ਹਾਲ ਹੀ ਵਿੱਚ ਪੰਜਾਬ ਨੇ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕੀਤੀ ਅਤੇ ਆਈ.ਪੀ.ਐਲ. ਦੀ ਤਰਜ਼ ਉੱਤੇ 'ਸ਼ੇਰ-ਏ-ਪੰਜਾਬ ਟੀ-20 ਲੀਗ' ਕਰਵਾਈ, ਜਿਸ ਦਾ ਵਿਆਪਕ ਉਦੇਸ਼ ਮਜ਼ਬੂਤ ਖੇਡ ਵਾਤਾਵਰਣ ਤਿਆਰ ਕਰਨਾ ਅਤੇ ਪੇਂਡੂ ਪ੍ਰਤਿਭਾਵਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਮੌਕੇ ਦੇਣਾ ਹੈ।

ਪੰਜਾਬ ਵਿੱਚ 'ਜਨਗਣਨਾ 2027 – ਪੜਾਅ 2' ਦੀ ਸ਼ੁਰੂਆਤ: ਜਨਗਣਨਾ ਬਾਰੇ ਪ੍ਰਚਾਰ ਅਤੇ ਜਾਗਰੂਕਤਾ ਮੁਹਿੰਮ ਵਾਸਤੇ 9 ਡਿਜੀਟਲ ਐਲਈਡੀ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਦੇ ਕੀਤਾ ਰਵਾਨਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਜਨਗਣਨਾ 2027 ਦੇ ਦੂਜੇ ਪੜਾਅ ਦੇ ਪ੍ਰਚਾਰ ਅਤੇ ਜਾਗਰੂਕਤਾ ਮੁਹਿੰਮ ਲਈ ਡਿਜੀਟਲ ਐਲਈਡੀ ਵੈਨਾਂ ਨੂੰ ਅੱਜ ਯਾਨੀ 11 ਨਵੰਬਰ, 2026 ਨੂੰ ਸਵੇਰੇ 11:00 ਵਜੇ, ਡਾਇਰੈਕਟਰੇਟ ਆਫ਼ ਸੈਂਸਸ ਓਪਰੇਸ਼ਨਜ਼, ਪੰਜਾਬ, ਚੰਡੀਗੜ੍ਹ ਦੇ ਦਫ਼ਤਰ ਤੋਂ ਡਾਇਰੈਕਟਰ ਡਾ. ਨਵਜੋਤ ਖੋਸਾ ਦੁਆਰਾ ਰਸਮੀ ਤੌਰ 'ਤੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਨ੍ਹਾਂ ਵਾਹਨਾਂ 'ਤੇ ਵੱਖ-ਵੱਖ ਸੰਦੇਸ਼ ਪ੍ਰਦਰਸ਼ਿਤ ਕੀਤੇ ਗਏ ਹਨ ਅਤੇ ਇਨ੍ਹਾਂ ਵਿੱਚ ਕਿਊ.ਆਰ. ਕੋਡ ਵੀ ਦਿੱਤੇ ਗਏ ਹਨ, ਜੋ ਨਾਗਰਿਕਾਂ ਨੂੰ ਸਿੱਧੇ ਅਧਿਕਾਰਤ 'ਨੈਸ਼ਨਲ ਸੈਂਸਸ ਪੋਰਟਲ' ਨਾਲ ਜੋੜਦੇ ਹਨ, ਜਿੱਥੇ ਉਹ ਖੁਦ ਆਪਣੀ ਜਾਣਕਾਰੀ ਦਰਜ ਕਰ ਸਕਦੇ ਹਨ। ਡਾਇਰੈਕਟਰੇਟ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸਮੁੱਚੇ ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ। ਡਿਜੀਟਲ ਵੈਨਾਂ ਸਬੰਧਿਤ ਜ਼ਿਲ੍ਹਿਆਂ ਵਿੱਚ ਮੁੱਖ ਕਸਬਿਆਂ, ਸ਼ਹਿਰੀ ਅਤੇ ਪੇਂਡੂ ਖੇਤਰਾਂ, ਬਾਜ਼ਾਰਾਂ ਅਤੇ ਹੋਰ ਪ੍ਰਮੁੱਖ ਜਨਤਕ ਸਥਾਨਾਂ ਨੂੰ ਕਵਰ ਕਰਨਗੀਆਂ ਜਿੱਥੇ ਲੋਕਾਂ ਦੀ ਆਵਾਜਾਈ ਸਭ ਤੋਂ ਵੱਧ ਹੁੰਦੀ ਹੈ। ਇਸ ਮੁਹਿੰਮ ਦਾ ਉਦੇਸ਼ ਜਨਗਣਨਾ 2027, ਸਵੈ-ਗਣਨਾ ਅਤੇ ਆਬਾਦੀ ਦੀ ਗਣਨਾ ਦੇ ਮਹੱਤਵ ਬਾਰੇ ਆਮ ਲੋਕਾਂ ਵਿੱਚ ਵਿਆਪਕ ਜਾਗਰੂਕਤਾ ਪੈਦਾ ਕਰਨਾ ਅਤੇ ਵੱਧ ਤੋਂ ਵੱਧ ਜਨਤਕ ਭਾਗੀਦਾਰੀ ਯਕੀਨੀ ਬਣਾਉਣਾ ਹੈ। ਆਡੀਓ-ਵੀਡੀਓ ਮਾਧਿਅਮ ਰਾਹੀਂ ਜਾਣਕਾਰੀ ਦਾ ਪ੍ਰਸਾਰ ਕੀਤਾ ਜਾਵੇਗਾ। ਇਸ ਵੈਨ ਦੀ ਸੁਚਾਰੂ ਆਵਾਜਾਈ, ਸਥਾਨਕ ਤਾਲਮੇਲ ਅਤੇ ਪ੍ਰਚਾਰ ਗਤੀਵਿਧੀਆਂ ਦੇ ਪ੍ਰਭਾਵੀ ਲਾਗੂਕਰਨ ਦੀ ਸਹੂਲਤ ਲਈ ਜ਼ਿਲ੍ਹੇ ਤੋਂ ਇੱਕ ਨਾਮਜ਼ਦ ਇਸਕਾਰਟ ਅਧਿਕਾਰੀ ਵੈਨ ਦੇ ਨਾਲ ਰਹੇਗਾ। ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਸ ਅਫ਼ਸਰਾਂ ਨੇ ਡਿਜੀਟਲ ਵੈਨ ਦੇ ਵਿਸਥਾਰਤ ਰੂਟ ਪਲਾਨ ਨੂੰ ਅੰਤਿਮ ਰੂਪ ਦਿੱਤਾ ਹੈ, ਪ੍ਰਚਾਰ ਹੋਰਡਿੰਗਜ਼ ਲਗਾਉਣ ਲਈ ਢੁਕਵੀਆਂ ਥਾਵਾਂ ਦੀ ਪਛਾਣ ਕੀਤੀ ਹੈ ਅਤੇ ਨੋਡਲ ਅਫ਼ਸਰ (ਪ੍ਰਚਾਰ) ਦੇ ਅਪਡੇਟ ਕੀਤੇ ਵੇਰਵੇ ਡਾਇਰੈਕਟਰੇਟ ਨੂੰ ਮੁਹੱਈਆ ਕਰਵਾਏ ਹਨ। ਜਨਗਣਨਾ 2027 ਦੋ ਪੜਾਵਾਂ ਵਿੱਚ ਕਰਵਾਈ ਜਾ ਰਹੀ ਹੈ। ਪਹਿਲਾ ਪੜਾਅ ਮਕਾਨਾਂ ਦੀ ਸੂਚੀਬੱਧਤਾ ਅਤੇ ਰਿਹਾਇਸ਼ੀ ਜਨਗਣਨਾ ਸਫਲਤਾਪੂਰਵਕ ਮੁਕੰਮਲ ਹੋ ਗਿਆ ਹੈ। ਪੰਜਾਬ ਰਾਜ ਵਿੱਚ ਜਨਗਣਨਾ ਦਾ ਦੂਜਾ ਪੜਾਅ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ ਚਲੇਗਾ, ਜਿਸਦੀ ਰੈਫਰੇਂਸ ਡੇਟ 5 ਜਨਵਰੀ 2027 ਰਾਤ 12 ਵਜੇ ਤੱਕ ਹੋਵੇਗੀ। ਸਵੈ-ਗਣਨਾ 16 ਨਵੰਬਰ ਤੋਂ 30 ਨਵੰਬਰ 2026 ਤੱਕ ਕੀਤੀ ਜਾ ਸਕੇਗੀ। ਨਾਗਰਿਕ ਜਨਗਣਨਾ ਨਾਲ ਸਬੰਧਤ 40 ਸਵਾਲਾਂ ਦੇ ਜਵਾਬ ਖੁਦ ਦੇਣ ਲਈ ਸਏ.ਚਣਸੁਸ.ਗੋਵਿ.ਨ ਪੋਰਟਲ 'ਤੇ ਲਾਗ ਇਨ ਕਰ ਸਕਦੇ ਹਨ। ਸਵੈ-ਗਣਨਾ ਪੋਰਟਲ 30 ਨਵੰਬਰ 2026 ਨੂੰ ਬੰਦ ਹੋ ਜਾਵੇਗਾ।

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing,
Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS
- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES
- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY
- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

ਤਰਕ ਤੋਂ ਅਣਜਾਣ, ਵਹਿਮਾਂ ਦੇ ਗੁਲਾਮ



ਘਰਾਂ ਵਿੱਚ ਬਚਪਨ ਤੋਂ ਹੀ ਕਈ ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵੱਡੇ ਹੁੰਦੇ-ਹੁੰਦੇ ਆਪਣੀ ਆਦਤ ਦਾ ਹਿੱਸਾ ਬਣਾ ਲੈਂਦੇ ਹਾਂ। ਕਦੇ ਕਿਹਾ ਜਾਂਦਾ ਹੈ ਕਿ ਮੰਜਾ ਪੁੱਠਾ ਨਾ ਕਰੋ, ਕਦੇ ਰਾਤ ਨੂੰ ਨਹੁੰ ਨਾ ਕੱਟਣ ਦੀ ਹਦਾਇਤ ਮਿਲਦੀ ਹੈ ਅਤੇ ਕਦੇ ਬਿੱਲੀ ਦੇ ਰਾਹ ਕੱਟ ਜਾਣ 'ਤੇ ਕੁਝ ਸਮਾਂ ਰੁਕਣ ਲਈ ਆਖਿਆ ਜਾਂਦਾ ਹੈ। ਜਦੋਂ ਇਨ੍ਹਾਂ ਗੱਲਾਂ ਦਾ ਕਾਰਨ ਪੁੱਛਿਆ ਜਾਵੇ ਤਾਂ ਅਕਸਰ ਜਵਾਬ ਮਿਲਦਾ ਹੈ, "ਬੱਸ, ਇੰਝ ਨਹੀਂ ਕਰਨਾ ਚਾਹੀਦਾ ਜਾਂ ਕੁਝ ਮਾੜਾ ਹੋ ਸਕਦਾ ਹੈ।" ਹੌਲੀ-ਹੌਲੀ ਇਹ ਗੱਲਾਂ ਸਾਡੀ ਸੋਚ ਦਾ ਹਿੱਸਾ ਬਣ ਜਾਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਅਸੀਂ ਇਨ੍ਹਾਂ ਗੱਲਾਂ ਬਾਰੇ ਕਿਸੇ ਸਿਆਣੇ ਬਜ਼ੁਰਗ ਨਾਲ ਚਰਚਾ ਕਰਦੇ ਹਾਂ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਦੇ ਤਜਰਬੇ ਵਿੱਚੋਂ ਬਹੁਤ ਕੁਝ ਸਿੱਖਿਆ ਹੁੰਦਾ ਹੈ, ਤਾਂ ਇਨ੍ਹਾਂ ਪਿੱਛੇ ਲੁਕੇ ਕਾਰਨ ਕਈ ਵਾਰ ਬਿਲਕੁਲ ਵੱਖਰੇ ਨਿਕਲਦੇ ਹਨ। ਸਾਡੇ ਪੁਰਾਣੇ ਸਮਿਆਂ ਦੀਆਂ ਇਨ੍ਹਾਂ ਗੱਲਾਂ ਪਿੱਛੇ ਕੋਈ ਨਾ ਕੋਈ ਠੋਸ ਤਰਕ, ਵਜ੍ਹਾ ਜਾਂ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਮਕਸਦ ਹੁੰਦਾ ਸੀ। ਪਰ ਅਸੀਂ ਅਸਲ ਵਜ੍ਹਾ ਨੂੰ ਤਾਂ ਇੱਕ ਪਾਸੇ ਰੱਖ ਦਿੱਤਾ ਅਤੇ ਕੇਵਲ ਵਹਿਮ ਨੂੰ ਆਪਣੇ ਸਿਰ 'ਤੇ ਚੁੱਕ ਲਿਆ।

ਪੁਰਾਣੇ ਪੰਜਾਬ ਦਾ ਰਹਿਣ-ਸਹਿਣ ਅੱਜ ਨਾਲੋਂ ਕਾਫ਼ੀ ਵੱਖਰਾ ਸੀ। ਕੱਚੇ ਘਰ, ਮਿੱਟੀ ਦੇ ਵਿਹੜੇ, ਦੀਵਿਆਂ ਦਾ ਚਾਨਣ, ਦੂਰੋਂ ਪਾਣੀ ਭਰ ਕੇ ਲਿਆਉਣਾ ਅਤੇ ਖੇਤੀਬਾੜੀ ਲਈ ਪਸ਼ੂਆਂ ਉੱਤੇ ਨਿਰਭਰਤਾ ਆਮ ਗੱਲ ਸੀ। ਅੱਜ ਜਿਹੜੀਆਂ ਸਹੂਲਤਾਂ ਸਾਡੇ ਲਈ ਰੋਜ਼ਾਨਾ ਜੀਵਨ ਦਾ ਹਿੱਸਾ ਹਨ, ਉਹ ਉਸ ਸਮੇਂ ਹਰ ਕਿਸੇ ਕੋਲ ਨਹੀਂ ਸਨ। ਇਸ ਲਈ ਉਸ ਦੌਰ ਵਿੱਚ ਲੋਕ ਆਪਣੇ ਤਜਰਬੇ ਦੇ ਆਧਾਰ 'ਤੇ ਕੁਝ ਨਿਯਮ ਬਣਾਉਂਦੇ ਸਨ, ਤਾਂ ਜੋ ਰੋਜ਼ਾਨਾ ਦੇ ਕੰਮਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਬਚਿਆ ਜਾ ਸਕੇ।

ਅਕਸਰ ਘਰਾਂ ਵਿੱਚ ਮੰਜਾ ਪੁੱਠਾ ਕਰਨ ਤੋਂ ਰੋਕਿਆ ਜਾਂਦਾ ਹੈ ਅਤੇ ਇਸ ਨੂੰ ਬਦਸ਼ਗਨੀ ਮੰਨ ਲਿਆ ਜਾਂਦਾ ਹੈ। ਅਸਲ ਵਿੱਚ ਪੁਰਾਣੇ ਸਮਿਆਂ ਵਿੱਚ ਘਰ ਕੱਚੇ ਹੁੰਦੇ ਸਨ, ਜਿਸ ਕਾਰਨ ਵਿਹੜਿਆਂ ਵਿੱਚ ਸੱਪ, ਸਲੂਤੀ, ਬਿੱਛੂ ਅਤੇ ਹੋਰ ਕਈ ਤਰ੍ਹਾਂ ਦੇ ਜੀਵ-ਜੰਤੂ ਆਮ ਦੇਖਣ ਨੂੰ ਮਿਲਦੇ ਸਨ। ਉਸ ਵੇਲੇ ਮੰਜੇ ਲੀਰਾਂ ਦੀਆਂ ਰੱਸੀਆਂ ਜਾਂ ਹੋਰ ਰੇਸ਼ਿਆਂ ਨਾਲ ਬੁਣੇ ਜਾਂਦੇ ਸਨ। ਜਦੋਂ ਮੰਜਾ ਪੁੱਠਾ ਖੜ੍ਹਾ ਕੀਤਾ ਜਾਂਦਾ ਤਾਂ ਉਸ ਦੀਆਂ ਤੰਦਾਂ ਅਤੇ ਬਣਤਰ ਕਾਰਨ ਛੋਟੇ ਜੀਵਾਂ ਲਈ ਉੱਪਰ ਚੜ੍ਹਨਾ ਅਤੇ ਉੱਥੇ ਲੁਕ ਕੇ ਬੈਠਣਾ ਸੌਖਾ ਹੋ ਸਕਦਾ ਸੀ। ਮੰਜੇ ਦੇ ਰੰਗ ਨਾਲ ਰਲਮਿਲ ਜਾਣ ਕਾਰਨ ਉਹ ਆਸਾਨੀ ਨਾਲ ਦਿਖਾਈ ਵੀ ਨਹੀਂ ਦਿੰਦੇ ਸਨ। ਅਜਿਹੇ ਵਿੱਚ ਜਦੋਂ ਘਰ ਦੇ ਬੱਚੇ ਜਾਂ ਹੋਰ ਪਰਿਵਾਰਕ ਮੈਂਬਰ ਮੰਜਾ ਡਾਹੁੰਦੇ ਤਾਂ ਉਨ੍ਹਾਂ ਨੂੰ ਕਿਸੇ ਜੀਵ ਦੇ ਡੰਗ ਮਾਰਨ ਦਾ ਖ਼ਤਰਾ ਰਹਿੰਦਾ ਸੀ। ਮੰਜੇ ਨੂੰ ਸਿੱਧਾ ਖੜ੍ਹਾ ਕਰਨ ਨਾਲ ਉਸ ਦੀ ਦੌਣ ਵਾਲਾ ਪਾਸਾ ਹੇਠਾਂ ਰਹਿੰਦਾ ਅਤੇ ਬੁਣਿਆ ਹੋਇਆ ਹਿੱਸਾ ਉੱਪਰ ਵੱਲ ਹੋ ਜਾਂਦਾ ਸੀ। ਦੌਣ ਵਿਰਲੀ ਹੋਣ ਕਾਰਨ ਜੀਵਾਂ ਲਈ ਉੱਪਰ ਚੜ੍ਹਨਾ ਔਖਾ ਹੁੰਦਾ ਸੀ ਅਤੇ ਜੇਕਰ ਕੋਈ ਜੀਵ ਉੱਥੇ ਮੌਜੂਦ ਹੁੰਦਾ ਤਾਂ ਉਸ ਨੂੰ ਦੇਖਣਾ ਵੀ ਸੌਖਾ ਰਹਿੰਦਾ ਸੀ। ਇਸ ਤਰ੍ਹਾਂ ਮੰਜੇ ਨੂੰ ਪੁੱਠਾ ਖੜ੍ਹਾ ਨਾ ਕਰਨ ਪਿੱਛੇ ਘਰ ਦੇ ਮੈਂਬਰਾਂ, ਖ਼ਾਸ ਕਰਕੇ ਬੱਚਿਆਂ ਦੀ ਸੁਰੱਖਿਆ ਦਾ ਇੱਕ ਕਾਰਨ ਸੀ। ਪਰ ਸਮੇਂ ਦੇ ਨਾਲ ਇਸ ਸਾਵਧਾਨੀ ਦਾ ਅਸਲ ਮਕਸਦ ਪਿੱਛੇ ਰਹਿ ਗਿਆ ਅਤੇ ਅੱਜ ਕਈ ਥਾਵਾਂ 'ਤੇ ਇਸ ਨੂੰ ਵਹਿਮ-ਭਰਮ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਇਸੇ ਤਰ੍ਹਾਂ ਅੱਜਕੱਲ੍ਹ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਸਿਰ ਧੋਣਾ ਜਾਂ ਕੱਪੜੇ ਧੋਣਾ ਮਾੜਾ ਮੰਨਿਆ ਜਾਂਦਾ ਹੈ। ਪਰ ਪੁਰਾਣੇ ਸਮਿਆਂ ਵਿੱਚ ਔਰਤਾਂ ਨੂੰ ਦੂਰ-ਦੂਰ ਤੋਂ ਪਾਣੀ ਭਰ ਕੇ ਲਿਆਉਣਾ ਪੈਂਦਾ ਸੀ। ਘਰ ਦੇ ਬਾਕੀ ਸਾਰੇ ਕੰਮ-ਕਾਜ ਅਤੇ ਪਰਿਵਾਰ ਦੀ ਦੇਖਭਾਲ ਦੇ ਨਾਲ ਰੋਜ਼ਾਨਾ ਭਾਰੀ ਮਾਤਰਾ ਵਿੱਚ ਪਾਣੀ ਢੋਣਾ ਅਤੇ ਕੱਪੜੇ ਧੋਣਾ ਬਹੁਤ ਮੁਸ਼ਕਲ ਹੁੰਦਾ ਸੀ। ਉਨ੍ਹਾਂ ਦੀ ਜ਼ਿੰਦਗੀ ਨੂੰ ਸੁਖਾਲਾ ਕਰਨ ਅਤੇ ਥਕਾਵਟ ਤੋਂ ਰਾਹਤ ਦੇਣ ਲਈ ਵਿਚਕਾਰ ਇੱਕ ਦਿਨ ਦਾ ਵਕਫ਼ਾ ਰੱਖਿਆ ਜਾਂਦਾ ਸੀ। ਜਿਵੇਂ ਸੋਮਵਾਰ ਨੂੰ ਧੋ ਲਏ ਤਾਂ ਮੰਗਲਵਾਰ ਨੂੰ ਨਾ ਧੋਵੋ ਅਤੇ ਬੁੱਧਵਾਰ ਨੂੰ ਧੋ ਲਏ ਤਾਂ ਵੀਰਵਾਰ ਨੂੰ ਨਾ ਧੋਵੋ। ਇਹ ਨਿਯਮ ਔਰਤਾਂ ਨੂੰ ਆਰਾਮ ਦੇਣ ਦੇ ਮਕਸਦ ਨਾਲ ਬਣਾਇਆ ਗਿਆ ਸੀ, ਜਿਸ ਨੂੰ ਅਸੀਂ ਅੱਜ ਦਿਨਾਂ ਦੇ ਵਹਿਮ ਵਿੱਚ ਬਦਲ ਦਿੱਤਾ ਹੈ।

ਸਾਉਣ ਦੇ ਮਹੀਨੇ ਵਿੱਚ ਮੰਜਾ ਬੁਣਨ ਤੋਂ ਪਰਹੇਜ਼ ਕਰਨ ਪਿੱਛੇ ਵੀ ਮੌਸਮ ਨਾਲ ਜੁੜਿਆ ਇੱਕ ਕਾਰਨ ਸੀ। ਸਾਉਣ ਦੇ ਮਹੀਨੇ ਹਵਾ ਵਿੱਚ ਨਮੀ ਬਹੁਤ ਜ਼ਿਆਦਾ ਹੁੰਦੀ ਹੈ। ਇਸ ਮੌਸਮ ਵਿੱਚ ਬੁਣਿਆ ਹੋਇਆ ਵਾਂ ਜਦੋਂ ਅਗਲੇ ਖੁਸ਼ਕ ਮਹੀਨਿਆਂ ਵਿੱਚ ਸੁੱਕਦਾ ਹੈ ਤਾਂ ਉਹ ਸੁੰਗੜ ਜਾਂਦਾ ਹੈ ਅਤੇ ਮੰਜਾ ਢਿੱਲਾ ਪੈ ਜਾਂਦਾ ਹੈ। ਇਸ ਨਾਲ ਮੰਜੇ ਨੂੰ ਵਾਰ-ਵਾਰ ਕੱਸਣਾ ਪੈਂਦਾ ਸੀ। ਇਸੇ ਖੱਜਲ-ਖੁਆਰੀ ਤੋਂ ਬਚਣ ਲਈ ਸਾਉਣ ਵਿੱਚ ਮੰਜਾ ਬੁਣਨ ਤੋਂ ਰੋਕਿਆ ਜਾਂਦਾ ਸੀ।

ਜਦੋਂ ਬਿੱਲੀ ਰਸਤਾ ਕੱਟ ਜਾਵੇ ਤਾਂ ਅਸੀਂ ਅਕਸਰ ਆਪਣਾ ਕੰਮ ਰੋਕ ਦਿੰਦੇ ਹਾਂ। ਪੁਰਾਣੇ ਸਮਿਆਂ ਵਿੱਚ ਸਾਡੇ ਆਉਣ-ਜਾਣ ਅਤੇ ਖੇਤੀਬਾੜੀ ਦੇ ਮੁੱਖ ਸਾਧਨ ਬਲਦ, ਊਠ ਜਾਂ ਘੋੜੇ ਹੁੰਦੇ ਸਨ। ਬਿੱਲੀ ਬਹੁਤ ਤੇਜ਼ ਦੌੜਨ ਵਾਲਾ ਜਾਨਵਰ ਹੈ। ਰਾਤ ਦੇ ਸਮੇਂ ਜਦੋਂ ਬਿੱਲੀ ਅੱਗੋਂ ਲੰਘਦੀ ਸੀ ਤਾਂ ਉਸ ਦੀਆਂ ਚਮਕਦੀਆਂ ਅੱਖਾਂ ਦੇਖ ਕੇ ਅੱਗੇ ਜੋਤੇ ਹੋਏ ਪਸ਼ੂ ਡਰ ਜਾਂਦੇ ਸਨ ਅਤੇ ਬੇਕਾਬੂ ਹੋ ਕੇ ਭੱਜ ਪੈਂਦੇ ਸਨ, ਜਿਸ ਨਾਲ ਵੱਡਾ ਹਾਦਸਾ ਹੋਣ ਦਾ ਖ਼ਤਰਾ ਰਹਿੰਦਾ ਸੀ। ਅਸਲ ਵਿੱਚ ਇਹ ਪਸ਼ੂਆਂ ਦੇ ਡਰਨ ਅਤੇ ਕਿਸੇ ਸੰਭਾਵੀ ਨੁਕਸਾਨ ਤੋਂ ਬਚਣ ਦੀ ਚੇਤਾਵਨੀ ਸੀ, ਜਿਸ ਨੂੰ ਅਸੀਂ ਬਿੱਲੀ ਨਾਲ ਜੁੜੇ ਵਹਿਮ ਵਿੱਚ ਬਦਲ ਲਿਆ।

ਰਾਤ ਨੂੰ ਵਾਲ ਅਤੇ ਨਹੁੰ ਨਾ ਕੱਟਣ ਬਾਰੇ ਵੀ ਇਹੋ ਤਰਕ ਲਾਗੂ ਹੁੰਦਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਘਰਾਂ ਵਿੱਚ ਬਿਜਲੀ ਦੀ ਸਹੂਲਤ ਨਹੀਂ ਸੀ ਅਤੇ ਕੇਵਲ ਦੀਵੇ ਦੀ ਮੱਧਮ ਲੋਅ ਹੀ ਚਾਨਣ ਦਾ ਇੱਕੋ-ਇੱਕ ਜ਼ਰੀਆ ਹੁੰਦੀ ਸੀ, ਉਸ ਵੇਲੇ ਬਲੇਡ ਜਾਂ ਕੈਂਚੀ ਨਾਲ ਨਹੁੰ ਕੱਟਣ ਸਮੇਂ ਉਂਗਲਾਂ 'ਤੇ ਸੱਟ ਲੱਗਣ ਦਾ ਖ਼ਤਰਾ ਰਹਿੰਦਾ ਸੀ। ਇਸ ਤੋਂ ਇਲਾਵਾ, ਰਾਤ ਵੇਲੇ ਵਾਲ ਵਾਹੁਣ ਜਾਂ ਕੱਟਣ ਨਾਲ ਉਹ ਸਰੀਰ ਅਤੇ ਕੱਪੜਿਆਂ 'ਤੇ ਚਿਪਕ ਜਾਂਦੇ ਸਨ। ਰਾਤ ਦੀ ਰੋਟੀ ਖਾਂਦੇ ਸਮੇਂ ਇਹ ਵਾਲ ਜਾਂ ਨਹੁੰਆਂ ਦੇ ਛੋਟੇ ਟੁਕੜੇ ਖਾਣੇ ਵਿੱਚ ਡਿੱਗ ਕੇ ਪੇਟ ਵਿੱਚ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਸੀ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦਾ ਸੀ। ਇਸ ਲਈ ਇਹ ਨਿਯਮ ਸਰੀਰਕ ਬਚਾਅ, ਸਫ਼ਾਈ ਅਤੇ ਸੁਰੱਖਿਆ ਦੇ ਪੱਖੋਂ ਬਣਾਇਆ ਗਿਆ ਸੀ, ਤਾਂ ਜੋ ਇਹ ਕੰਮ ਦਿਨ ਦੇ ਚਾਨਣ ਵਿੱਚ ਕੀਤੇ ਜਾ ਸਕਣ। ਪਰ ਅਫ਼ਸੋਸ ਕਿ ਅੱਜ ਅਸੀਂ ਇਸ ਸੂਝ-ਬੂਝ ਭਰੀ ਸਲਾਹ ਨੂੰ ਵੀ ਅਸ਼ੁੱਭ ਹੋਣ ਦੇ ਵਹਿਮ ਨਾਲ ਜੋੜ ਲਿਆ ਹੈ।

ਚਾਬੀਆਂ ਘੁਮਾਉਣ ਨਾਲ ਘਰ ਵਿੱਚ ਕਲੇਸ਼ ਪੈਣ ਦੀ ਗੱਲ ਵੀ ਇਸੇ ਤਰ੍ਹਾਂ ਬਣੀ। ਪੁਰਾਣੇ ਸਮਿਆਂ ਵਿੱਚ ਚਾਬੀਆਂ ਪਾਉਣ ਲਈ ਅੱਜ ਵਰਗੇ ਲੋਹੇ ਦੇ ਛੱਲੇ ਨਹੀਂ ਹੁੰਦੇ ਸਨ। ਚਾਬੀਆਂ ਨੂੰ ਕੱਚੇ ਧਾਗਿਆਂ, ਸੇਬਿਆਂ ਜਾਂ ਰੱਸੀਆਂ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਸੀ। ਬਿਨਾਂ ਵਜ੍ਹਾ ਚਾਬੀਆਂ ਘੁਮਾਉਣ ਨਾਲ ਉਹ ਧਾਗਾ ਘਸ ਜਾਂਦਾ ਸੀ ਜਾਂ ਟੁੱਟ ਜਾਂਦਾ ਸੀ, ਜਿਸ ਨਾਲ ਚਾਬੀਆਂ ਗੁਆਚਣ ਦਾ ਡਰ ਰਹਿੰਦਾ ਸੀ। ਉਦੋਂ ਜ਼ਿੰਦਰੇ-ਚਾਬੀਆਂ ਦੇ ਕਾਰੀਗਰ ਬਹੁਤ ਦੂਰ-ਦੁਰਾਡੇ ਮਿਲਦੇ ਸਨ ਅਤੇ ਨਵੀਂ ਚਾਬੀ ਬਣਵਾਉਣੀ ਬਹੁਤ ਔਖੀ ਸੀ। ਚਾਬੀ ਗੁਆਚਣ 'ਤੇ ਘਰ ਵਿੱਚ ਪ੍ਰੇਸ਼ਾਨੀ ਅਤੇ ਖਿੱਚੋਤਾਣ ਪੈਦਾ ਹੋ ਜਾਂਦੀ ਸੀ। ਇਸੇ ਨੁਕਸਾਨ ਤੋਂ ਬਚਣ ਲਈ ਚਾਬੀਆਂ ਨਾ ਘੁਮਾਉਣ ਦੀ ਹਦਾਇਤ ਦਿੱਤੀ ਜਾਂਦੀ ਸੀ।ਇਸੇ ਤਰ੍ਹਾਂ ਰੋਟੀ ਖਾਣ ਤੋਂ ਬਾਅਦ ਹੱਥ ਝਾੜਨ ਤੋਂ ਵੀ ਰੋਕਿਆ ਜਾਂਦਾ ਹੈ। ਜਦੋਂ ਅਸੀਂ ਰੋਟੀ ਖਾਣ ਤੋਂ ਬਾਅਦ ਆਪਣੇ ਹੱਥ ਝਾੜਦੇ ਹਾਂ ਤਾਂ ਮਾਪੇ, ਦੋਸਤ-ਮਿੱਤਰ ਜਾਂ ਘਰ ਦੇ ਵੱਡੇ ਸਾਨੂੰ ਅਕਸਰ ਝਿੜਕ ਦਿੰਦੇ ਹਨ ਕਿ ਰੋਟੀ ਖਾਣ ਤੋਂ ਬਾਅਦ ਹੱਥ ਨਹੀਂ ਝਾੜੀਦੇ, ਮਾੜਾ ਹੁੰਦਾ ਹੈ। ਪਰ ਇਸ ਗੱਲ ਪਿੱਛੇ ਵੀ ਇੱਕ ਡੂੰਘੀ ਸੋਚ ਛੁਪੀ ਹੋਈ ਹੈ। ਸਾਡੇ ਪੁਰਾਣੇ ਬਜ਼ੁਰਗ ਅੰਨ ਦੀ ਕਦਰ ਕਰਨਾ ਸਿਖਾਉਂਦੇ ਸਨ, ਕਿਉਂਕਿ ਅੰਨ ਹੀ ਸਾਡੇ ਜੀਵਨ ਦਾ ਆਧਾਰ ਹੈ ਅਤੇ ਸਾਨੂੰ ਜਿਊਣ ਦੀ ਤਾਕਤ ਦਿੰਦਾ ਹੈ। ਅਸੀਂ ਜਦੋਂ ਪੰਛੀਆਂ ਜਾਂ ਹੋਰ ਜੀਵ-ਜੰਤੂਆਂ ਨੂੰ ਦਾਣਾ ਪਾਉਂਦੇ ਹਾਂ ਤਾਂ ਉਸ ਨੂੰ ਕਿਸੇ ਉੱਚੀ ਜਾਂ ਸਾਫ਼ ਜਗ੍ਹਾ 'ਤੇ ਰੱਖਦੇ ਹਾਂ, ਤਾਂ ਜੋ ਉਹ ਪੈਰਾਂ ਹੇਠ ਨਾ ਆਵੇ ਅਤੇ ਉਸ ਦੀ ਬੇਅਦਬੀ ਨਾ ਹੋਵੇ। ਇਸੇ ਤਰ੍ਹਾਂ ਜਦੋਂ ਰੋਟੀ ਖਾਣ ਤੋਂ ਬਾਅਦ ਸਾਡੇ ਹੱਥਾਂ ਨਾਲ ਅੰਨ ਦੇ ਛੋਟੇ-ਛੋਟੇ ਕਣ ਲੱਗੇ ਹੁੰਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਹੱਥ ਝਾੜ ਕੇ ਹੇਠਾਂ ਸੁੱਟ ਦਿੰਦੇ ਹਾਂ ਤਾਂ ਉਹ ਪੈਰਾਂ ਹੇਠ ਆ ਜਾਂਦੇ ਹਨ। ਇਸੇ ਲਈ ਸਾਡੇ ਵੱਡੇ-ਵਡੇਰੇ ਸਾਨੂੰ ਹੱਥ ਨਾ ਝਾੜਨ ਦੀ ਸਲਾਹ ਦਿੰਦੇ ਸਨ, ਤਾਂ ਜੋ ਅੰਨ ਦਾ ਕੋਈ ਵੀ ਕਣ ਵਿਅਰਥ ਨਾ ਜਾਵੇ ਅਤੇ ਉਸ ਦੀ ਕਦਰ ਬਣੀ ਰਹੇ। ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਇਹ ਸਿਰਫ਼ ਮਾੜੇ ਹੋਣ ਜਾਂ ਕਿਸੇ ਅਣਹੋਣੀ ਦਾ ਡਰ ਨਹੀਂ ਸੀ, ਸਗੋਂ ਅੰਨ ਪ੍ਰਤੀ ਸਤਿਕਾਰ ਅਤੇ ਉਸ ਦੀ ਮਹੱਤਤਾ ਨੂੰ ਸਮਝਾਉਣ ਦਾ ਇੱਕ ਤਰੀਕਾ ਸੀ।

ਘਰਾਂ ਵਿੱਚ ਸਦੀਆਂ ਤੋਂ ਚੱਲੀਆਂ ਆ ਰਹੀਆਂ ਇਹ ਰੀਤਾਂ ਅਤੇ ਸਾਵਧਾਨੀਆਂ ਅਸਲ ਵਿੱਚ ਸਾਡੇ ਵੱਡ-ਵਡੇਰਿਆਂ ਦੇ ਤਜਰਬੇ, ਦੂਰਅੰਦੇਸ਼ੀ ਅਤੇ ਜ਼ਿੰਦਗੀ ਨੂੰ ਸੌਖਾ ਬਣਾਉਣ ਦੇ ਨਿਯਮ ਸਨ। ਪਰ ਸਮੇਂ ਦੇ ਵਹਾਅ ਵਿੱਚ ਅਸੀਂ ਅਸਲ ਹਕੀਕਤ ਨੂੰ ਪਿੱਛੇ ਛੱਡ ਕੇ ਇਨ੍ਹਾਂ ਨੂੰ ਕੇਵਲ ਡਰ ਅਤੇ ਵਹਿਮਾਂ-ਭਰਮਾਂ ਦਾ ਰੂਪ ਦੇ ਦਿੱਤਾ ਹੈ, ਜਿਸ ਕਾਰਨ ਅੱਜ ਸਾਡੀ ਹਾਲਤ ਇਹ ਹੋ ਗਈ ਹੈ ਕਿ ਅਸੀਂ ਹਰ ਛੋਟੀ-ਮੋਟੀ ਗੱਲ ਉੱਤੇ ਬੇਬੁਨਿਆਦ ਵਹਿਮ ਕਰਨ ਲੱਗ ਪੈਂਦੇ ਹਾਂ। ਜੇਕਰ ਕਿਸੇ ਵੀ ਰੋਕ-ਟੋਕ ਜਾਂ ਮਨਾਹੀ ਦੇ ਪਿੱਛੇ ਦਾ ਅਸਲ ਸੱਚ ਕਿਸੇ ਸਿਆਣੇ ਜਾਂ ਬਜ਼ੁਰਗ ਤੋਂ ਜਾਣ ਲਿਆ ਜਾਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਹ ਵਹਿਮ ਨਹੀਂ, ਸਗੋਂ ਉਸ ਸਮੇਂ ਦੀ ਸੁਰੱਖਿਆ, ਸਫ਼ਾਈ ਅਤੇ ਜ਼ਰੂਰਤ ਨਾਲ ਜੁੜੀ ਇੱਕ ਅਹਿਮ ਸਲਾਹ ਸੀ। ਸਾਨੂੰ ਚਾਹੀਦਾ ਹੈ ਕਿ ਅਸੀਂ ਅੰਧ-ਵਿਸ਼ਵਾਸਾਂ ਦੇ ਜਾਲ ਵਿੱਚ ਫਸਣ ਦੀ ਬਜਾਏ ਹਰ ਗੱਲ ਦੇ ਤਰਕ ਅਤੇ ਅਸਲ ਅਰਥਾਂ ਨੂੰ ਸਮਝੀਏ, ਕਿਉਂਕਿ ਸਾਡੀ ਗੁਰਬਾਣੀ ਵੀ ਸਾਨੂੰ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਤੋਂ ਦੂਰ ਰਹਿ ਕੇ ਸੱਚ ਦੇ ਮਾਰਗ ਉੱਤੇ ਚੱਲਣ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਮਨੁੱਖ ਨੂੰ ਡਰ ਅਤੇ ਭਰਮ ਵਿੱਚ ਜੀਉਣ ਦੀ ਬਜਾਏ ਪਰਮਾਤਮਾ ਦੇ ਭਾਣੇ ਨੂੰ ਸਮਝਣ, ਨਾਮ ਨਾਲ ਜੁੜਨ ਅਤੇ ਸੱਚੀ-ਸੁੱਚੀ ਜੀਵਨ-ਜਾਚ ਅਪਣਾਉਣ ਦਾ ਸੰਦੇਸ਼ ਦਿੰਦੀ ਹੈ। ਇਸ ਲਈ ਸਾਨੂੰ ਹਰ ਪੁਰਾਣੀ ਗੱਲ ਨੂੰ ਅੱਖਾਂ ਬੰਦ ਕਰਕੇ ਮੰਨਣ ਜਾਂ ਉਸ ਤੋਂ ਡਰਨ ਦੀ ਬਜਾਏ ਉਸ ਪਿੱਛੇ ਲੁਕੇ ਅਸਲ ਮਕਸਦ ਨੂੰ ਸਮਝਣਾ ਚਾਹੀਦਾ ਹੈ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before

After

- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before

After

ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682



ਬਘੇਲ ਸਿੰਘ ਧਾਲੀਵਾਲ
99142-58142

ਭਾਈਚਾਰਕ ਸਾਂਝ ਕਾਇਮ ਰੱਖਣਾ ਕਿਸੇ ਇੱਕ ਫਿਰਕੇ ਦੀ ਜ਼ਿੰਮੇਵਾਰੀ ਨਹੀਂ,ਸਗੋਂ ਸਭਨਾਂ ਦਾ ਫਰਜ਼ ਹੈ

ਭਾਰਤ ਦੁਨੀਆ ਦਾ ਅਜਿਹਾ ਮੁਲਕ ਹੈ ਜਿੱਥੇ ਵੱਖ-ਵੱਖ ਸੂਬਿਆਂ ਅੰਦਰ ਵੱਖ ਵੱਖ ਭਾਸ਼ਾਵਾਂ, ਧਰਮਾਂ, ਮਜ਼ਹਬਾਂ ਅਤੇ ਫਿਰਕਿਆਂ ਨਾਲ ਸਬੰਧਤ ਲੋਕ ਵੱਸਦੇ ਹਨ। ਭਾਰਤ ਦੀ ਅਸਲ ਖੂਬਸੂਰਤੀ ਹੀ ਇਸ ਦੀ ਵੰਨ-ਸੁਵੰਨਤਾ ਵਿੱਚ ਹੈ। ਇਸੇ ਵੰਨ-ਸੁਵੰਨਤਾ ਨੇ ਭਾਰਤ ਨੂੰ ਦੁਨੀਆ ਵਿੱਚ ਇੱਕ ਵੱਖਰੀ ਪਛਾਣ ਦਿੱਤੀ ਹੈ। ਪਰ ਇਸ ਖੂਬਸੂਰਤੀ ਨੂੰ ਕਾਇਮ ਰੱਖਣਾ ਅਤੇ ਦੇਸ਼ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਕਿਸੇ ਇੱਕ ਧਰਮ ਜਾਂ ਫਿਰਕੇ ਦੀ ਜ਼ਿੰਮੇਵਾਰੀ ਨਹੀਂ ਹੋ ਸਕਦੀ। ਇਸ ਲਈ ਦੇਸ਼ ਦੇ ਸਾਰੇ ਧਰਮਾਂ, ਮਜ਼ਹਬਾਂ ਅਤੇ ਭਾਈਚਾਰਿਆਂ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਪਵੇਗੀ। ਖ਼ਾਸ ਕਰਕੇ ਉਸ ਬਹੁਗਿਣਤੀ ਭਾਈਚਾਰੇ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੀ ਸਿਆਸੀ ਧਿਰ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ, ਜਿਸ ਦੇ ਹੱਥਾਂ ਵਿੱਚ ਦੇਸ਼ ਦੀ ਸੱਤਾ ਹੈ ਅਤੇ ਜੋ 140 ਕਰੋੜ ਲੋਕਾਂ ਦੇ ਮੁਲਕ ਦੀ ਅਗਵਾਈ ਕਰ ਰਹੀ ਹੈ। ਮੈਂ ਇਹ ਗੱਲ ਕਿਸੇ ਸਿਧਾਂਤਕ ਬਹਿਸ ਦੇ ਆਧਾਰ ਉੱਤੇ ਨਹੀਂ ਕਰ ਰਿਹਾ, ਬਲਕਿ ਹੁਣੇ ਹੀ ਆਪਣੇ ਇੱਕ ਨਿੱਜੀ ਤਜਰਬੇ ਵਿੱਚੋਂ ਮੈਨੂੰ ਅਜਿਹਾ ਮਹਿਸੂਸ ਹੋਇਆ ਹੈ। ਬੰਦੀ ਛੋੜ ਦਿਵਸ ਅਤੇ ਦੀਵਾਲੀ ਮੌਕੇ ਮਿਲੀਆਂ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਨੂੰ ਦੇਖਦਿਆਂ ਮੈਨੂੰ ਇੱਕ ਅਜਿਹਾ ਵਿਤਕਰਾ ਅਤੇ ਭੇਦ ਭਾਵ ਮਹਿਸੂਸ ਹੋਇਆ, ਜਿਸ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਬੰਦੀ ਛੋੜ ਦਿਵਸ ਅਤੇ ਦਿਵਾਲੀ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਆਏ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਵਿੱਚ ਮੇਰੇ ਧਿਆਨ ਵਿੱਚ ਕੋਈ ਅਜਿਹਾ ਸੁਨੇਹਾ ਨਹੀਂ ਆਇਆ, ਜਿਸ ਵਿੱਚ ਕਿਸੇ ਹਿੰਦੂ ਭਰਾ ਵੱਲੋਂ ਦੀਵਾਲੀ ਦੇ ਨਾਲ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਵੀ ਦਿੱਤੀਆਂ ਗਈਆਂ ਹੋਣ। ਉਨ੍ਹਾਂ ਵੱਲੋਂ ਭੇਜੇ ਗਏ ਗ੍ਰੀਟਿੰਗ ਕਾਰਡਾਂ ਵਿੱਚ ਸਿਰਫ਼ ਦੀਵਾਲੀ ਦੀ ਖੁਸ਼ੀ ਦਾ ਪ੍ਰਗਟਾਵਾ ਸੀ। ਇਹ ਗੱਲ ਮੇਰੇ ਲਈ ਹੈਰਾਨੀ ਅਤੇ ਅਫ਼ਸੋਸ ਦਾ ਕਾਰਨ ਬਣੀ। ਇਸ ਦੇ ਉਲਟ ਸਿੱਖਾਂ ਵੱਲੋਂ ਭੇਜੇ ਗਏ ਸ਼ੁਭਕਾਮਨਾਵਾਂ ਦੇ ਸੁਨੇਹਿਆਂ ਵਿੱਚ, ਭਾਵੇਂ ਉਹ ਕਿਸੇ ਵੀ ਧਰਮ ਜਾਂ ਫਿਰਕੇ ਨਾਲ ਸਬੰਧਤ ਵਿਅਕਤੀ ਨੂੰ ਭੇਜੇ ਗਏ ਹੋਣ, ਬੰਦੀ ਛੋੜ ਦਿਵਸ ਦੇ ਨਾਲ ਦਿਵਾਲੀ ਦਾ ਜ਼ਿਕਰ ਵੀ ਓਨੀ ਹੀ ਸ਼ਿੱਦਤ ਨਾਲ ਕੀਤਾ ਗਿਆ। ਇਸ ਦਾ ਕਾਰਨ ਇਹ ਹੈ ਕਿ ਸਿੱਖਾਂ ਦੀ ਸੋਚ ਵਿੱਚ ਦੂਜੇ ਧਰਮਾਂ ਦੇ ਤਿਉਹਾਰਾਂ ਅਤੇ ਖੁਸ਼ੀਆਂ ਨੂੰ ਸਤਿਕਾਰ ਦੇਣ ਦੀ ਭਾਵਨਾ ਉਹਨਾਂ ਦੇ ਜਿਹਨ ਵਿੱਚ ਗਹਿਰੀ ਉੱਤਰੀ ਹੋਈ ਹੈ। ਸਿੱਖ ਕਿਸੇ ਕੁਦਰਤੀ ਕਰੋਪੀ ਦੇ ਸਮਿਆਂ ਵਿੱਚ ਸੇਵਾਵਾਂ ਨਿਭਾਉਂਦਿਆਂ ਕਦੇ ਵੀ ਇਹ ਨਹੀਂ ਦੇਖਦੇ ਕਿ ਸਾਹਮਣੇ ਵਾਲਾ ਵਿਅਕਤੀ ਕਿਸ ਧਰਮ ਜਾਂ ਮਜ਼ਹਬ ਨਾਲ ਸਬੰਧਤ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਸਤਿਕਾਰ ਅਤੇ ਸਾਂਝ ਦੋਵੇਂ ਪਾਸਿਆਂ ਤੋਂ ਨਹੀਂ ਹੋਣੀ ਚਾਹੀਦੀ ? ਇਹ ਗੱਲ ਸਮਝਣ ਦੀ ਲੋੜ ਹੈ ਕਿ ਬੰਦੀ ਛੋੜ ਦਿਵਸ ਸਿਰਫ਼ ਸਿੱਖਾਂ ਦਾ ਤਿਉਹਾਰ ਨਹੀਂ, ਸਗੋਂ ਇਸ ਦਾ ਇਤਿਹਾਸ ਹਿੰਦੂ ਭਾਈਚਾਰੇ ਨਾਲ ਵੀ ਡੂੰਘਾ ਸਬੰਧ ਰੱਖਦਾ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋਏ ਤਾਂ ਉਨ੍ਹਾਂ ਨੇ ਆਪਣੀ ਰਿਹਾਈ ਦੇ ਨਾਲ ਉੱਥੇ ਕੈਦ 52 ਹਿੰਦੂ ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਰੱਖੀ ਸੀ। ਗੁਰੂ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਇਕੱਲੇ ਆਜ਼ਾਦ ਹੋ ਕੇ ਕਿਲ੍ਹੇ ਵਿੱਚੋਂ ਬਾਹਰ ਨਹੀਂ ਜਾਣਗੇ, ਸਗੋਂ ਬਾਕੀ ਕੈਦੀਆਂ ਨੂੰ ਵੀ ਨਾਲ ਲੈ ਕੇ ਜਾਣਗੇ। ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਦੀ ਇਹ ਸ਼ਰਤ ਪ੍ਰਵਾਨ ਕੀਤੀ ਅਤੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ। ਇਸੇ ਮਹਾਨ ਪਰਉਪਕਾਰ ਕਰਕੇ ਗੁਰੂ ਸਾਹਿਬ ਨੂੰ ਬੰਦੀ ਛੋੜ ਦਾਤਾ ਕਿਹਾ ਜਾਣ ਲੱਗਾ। ਜੇਕਰ ਇਸ ਘਟਨਾ ਨੂੰ ਕੁੱਝ ਗੰਭੀਰਤਾ ਨਾਲ ਸਮਝਿਆ ਜਾਵੇ ਤਾਂ ਸਿੱਖਾਂ ਲਈ ਇਹ ਦਿਨ ਆਪਣੇ ਗੁਰੂ ਪਾਤਸ਼ਾਹ ਦੀ ਰਿਹਾਈ ਦੀ ਖੁਸ਼ੀ ਦਾ ਦਿਨ ਹੈ, ਪਰ ਹਿੰਦੂ ਭਾਈਚਾਰੇ ਲਈ ਵੀ ਇਹ ਦਿਨ ਘੱਟ ਮਹੱਤਵਪੂਰਨ ਨਹੀਂ ਹੋਣਾ ਚਾਹੀਦਾ, ਕਿਉਂਕਿ ਉਨ੍ਹਾਂ ਦੇ 52 ਰਾਜਿਆਂ ਨੂੰ ਵੀ ਗੁਰੂ ਸਾਹਿਬ ਦੀ ਮਿਹਰਬਾਨੀ ਸਦਕਾ ਉਸੇ ਦਿਨ ਬੰਦੀਖਾਨੇ ਵਿੱਚੋਂ ਆਜ਼ਾਦੀ ਮਿਲੀ ਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਰਿਹਾਈ ਨੂੰ ਦੂਜਿਆਂ ਦੀ ਰਿਹਾਈ ਨਾਲ ਜੋੜ ਕੇ ਮਨੁੱਖਤਾ, ਨਿਆਂ ਅਤੇ ਪਰਉਪਕਾਰ ਦੀ ਜਿਹੜੀ ਮਿਸਾਲ ਕਾਇਮ ਕੀਤੀ, ਉਹ ਦੁਨੀਆ ਦੇ ਇਤਿਹਾਸ ਵਿੱਚ ਬੇਮਿਸਾਲ ਹੈ। ਇਸ ਲਈ ਜੇਕਰ ਹਿੰਦੂ ਭਾਈਚਾਰਾ ਵੀ ਦੀਵਾਲੀ ਦੇ ਨਾਲ ਬੰਦੀ ਛੋੜ ਦਿਵਸ ਨੂੰ ਯਾਦ ਕਰਦਾ ਹੈ ਤਾਂ ਇਸ ਵਿੱਚ ਸਿੱਖਾਂ ਉੱਤੇ ਕੋਈ ਅਹਿਸਾਨ ਨਹੀਂ ਹੋਵੇਗਾ, ਸਗੋਂ ਆਪਣੇ ਹੀ ਇਤਿਹਾਸ ਦੇ ਇੱਕ ਮਹੱਤਵਪੂਰਨ ਪੱਖ ਨੂੰ ਸਤਿਕਾਰ ਦੇਣਾ ਹੋਵੇਗਾ। ਇਸ ਮਾਮਲੇ ਵਿੱਚ ਮੈਨੂੰ ਇਸ ਤੋਂ ਵੀ ਵੱਧ ਅਫ਼ਸੋਸ ਉਨ੍ਹਾਂ ਸਿੱਖਾਂ ਦੇ ਸੁਨੇਹਿਆਂ ਨੂੰ ਦੇਖ ਕੇ ਹੋਇਆ, ਜਿਹੜੇ ਆਪਣੇ ਆਪ ਨੂੰ ਲਿਬਰਲ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਸੋਚਣ ਵਾਲੇ ਸਮਝਦੇ ਹਨ। ਉਨ੍ਹਾਂ ਵੱਲੋਂ ਵੀ ਸਿਰਫ਼ ਦੀਵਾਲੀ ਦੀਆਂ ਮੁਬਾਰਕਾਂ ਹੀ ਭੇਜੀਆਂ ਗਈਆਂ। ਸਵਾਲ ਇਹ ਹੈ ਕਿ ਜੇਕਰ ਅਸੀਂ ਆਪਣੇ ਇਤਿਹਾਸ, ਆਪਣੀ ਪਛਾਣ ਅਤੇ ਆਪਣੇ ਗੁਰੂ ਸਾਹਿਬਾਨ ਨਾਲ ਜੁੜੇ ਪਵਿੱਤਰ ਦਿਹਾੜਿਆਂ ਨੂੰ ਹੀ ਆਪਣੀ ਸਮਾਜਿਕ ਸੋਚ ਵਿੱਚੋਂ ਮਨਫ਼ੀ ਕਰਨਾ ਸ਼ੁਰੂ ਕਰ ਦੇਵਾਂਗੇ ਤਾਂ ਫਿਰ ਸਾਡੀ ਮੌਲਿਕਤਾ ਕਿੱਥੇ ਰਹਿ ਜਾਵੇਗੀ ? ਦੂਜੇ ਧਰਮਾਂ ਦਾ ਸਤਿਕਾਰ ਕਰਨਾ ਅਤੇ ਆਪਣੀ ਪਛਾਣ ਨੂੰ ਭੁਲਾ ਦੇਣਾ ਦੋ ਵੱਖਰੀਆਂ ਗੱਲਾਂ ਹਨ। ਮੇਰੇ ਖ਼ਿਆਲ ਵਿੱਚ ਕਿਸੇ ਨੂੰ ਲਿਬਰਲ ਹੋਣ ਲਈ ਆਪਣੀ ਵਿਰਾਸਤ ਤੋਂ ਦੂਰ ਹੋਣ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ। ਇੱਥੇ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਮੇਰਾ ਮਕਸਦ ਕਿਸੇ ਹਿੰਦੂ ਭਰਾ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਜਾਂ ਸਮੁੱਚੇ ਹਿੰਦੂ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਨਹੀਂ ਹੈ। ਮੈਂ ਤਾਂ ਸਿਰਫ਼ ਉਸ ਸੋਚ ਉੱਤੇ ਸਵਾਲ ਉਠਾ ਰਿਹਾ ਹਾਂ, ਜਿਸ ਵਿੱਚ ਦੂਜੇ ਭਾਈਚਾਰੇ ਦੀਆਂ ਇਤਿਹਾਸਕ ਅਤੇ ਧਾਰਮਿਕ ਭਾਵਨਾਵਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਮੇਰੇ ਅਜਿਹੇ ਬਹੁਤ ਸਾਰੇ ਹਿੰਦੂ ਮਿੱਤਰ ਵੀ ਹਨ, ਜਿਨ੍ਹਾਂ ਨੇ ਹਮੇਸ਼ਾ ਸਿੱਖ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ। ਪਰ ਕੁਝ ਲੋਕਾਂ ਦੇ ਵਿਹਾਰ ਨੂੰ ਦੇਖ ਕੇ ਸਮਾਜ ਵਿੱਚ ਪੈਦਾ ਹੋ ਰਹੀ ਦੂਰੀ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 51ਏ (ਈ) ਵੀ ਹਰ ਨਾਗਰਿਕ ਦਾ ਮੁੱਢਲਾ ਫ਼ਰਜ਼ ਤੈਅ ਕਰਦੀ ਹੈ ਕਿ ਉਹ ਧਾਰਮਿਕ, ਭਾਸ਼ਾਈ ਅਤੇ ਖੇਤਰੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਆਪਸੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰੇ। ਇਸ ਦਾ ਮਤਲਬ ਸਿਰਫ਼ ਇਹ ਨਹੀਂ ਕਿ ਅਸੀਂ ਇੱਕ-ਦੂਜੇ ਦੇ ਤਿਉਹਾਰਾਂ ਉੱਤੇ ਵਧਾਈ ਦੇ ਦੇਈਏ, ਸਗੋਂ ਸਾਨੂੰ ਇੱਕ-ਦੂਜੇ ਦੇ ਇਤਿਹਾਸ, ਧਾਰਮਿਕ ਭਾਵਨਾਵਾਂ ਅਤੇ ਪਛਾਣ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਦੇਸ਼ ਦੀ ਬਹੁਗਿਣਤੀ ਵੱਲੋਂ ਇਸ ਸੰਵਿਧਾਨਕ ਜ਼ਿੰਮੇਵਾਰੀ ਨੂੰ ਸਮਝਿਆ ਜਾਵੇ ਤਾਂ ਸਮਾਜ ਵਿੱਚ ਬਹੁਤ ਸਾਰੀਆਂ ਦੂਰੀਆਂ ਆਪਣੇ ਆਪ ਖ਼ਤਮ ਹੋ ਸਕਦੀਆਂ ਹਨ। ਇਸ ਸੰਦਰਭ ਵਿੱਚ ਪੰਜਾਬ ਦੀ ਉਦਾਹਰਨ ਵੀ ਬਹੁਤ ਮਹੱਤਵਪੂਰਨ ਹੈ। ਪੰਜਾਬ ਨੇ ਬੇਹੱਦ ਸੰਵੇਦਨਸ਼ੀਲ ਅਤੇ ਮੁਸ਼ਕਲ ਦੌਰ ਦੇਖੇ ਹਨ। ਖ਼ਾਸ ਕਰਕੇ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ ਦੇ ਪਹਿਲੇ ਹਫ਼ਤੇ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਦਾ ਜੋ ਯੋਜਨਾਬੱਧ ਕਤਲੇਆਮ ਹੋਇਆ, ਉਹ ਭਾਰਤ ਦੇ ਇਤਿਹਾਸ ਦਾ ਇੱਕ ਬੇਹੱਦ ਕਾਲਾ ਅਧਿਆਇ ਹੈ। ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ, ਉਨ੍ਹਾਂ ਦੇ ਘਰ ਅਤੇ ਕਾਰੋਬਾਰ ਸਾੜੇ ਗਏ, ਪਰਿਵਾਰ ਤਬਾਹ ਕੀਤੇ ਗਏ ਅਤੇ ਔਰਤਾਂ ਨਾਲ ਅਣਮਨੁੱਖੀ ਜ਼ੁਲਮ ਹੋਏ। ਜਸਟਿਸ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿੱਚ ਵੀ ਇਨ੍ਹਾਂ ਹਮਲਿਆਂ ਅਤੇ ਸਿੱਖਾਂ ਦੀਆਂ ਜਾਨਾਂ ਤੇ ਜਾਇਦਾਦਾਂ ਨੂੰ ਹੋਏ ਨੁਕਸਾਨ ਦਾ ਵਿਸਥਾਰ ਨਾਲ ਜ਼ਿਕਰ ਦਰਜ ਹੈ। ਇੰਨੀ ਵੱਡੀ ਤ੍ਰਾਸਦੀ ਦੇ ਬਾਵਜੂਦ ਪੰਜਾਬ ਦੀ ਧਰਤੀ ਉੱਤੇ ਸਿੱਖ ਕੌਮ ਨੇ ਬਦਲੇ ਦੀ ਫਿਰਕੂ ਭਾਵਨਾ ਨੂੰ ਸਮਾਜਿਕ ਜੀਵਨ ਦਾ ਹਿੱਸਾ ਨਹੀਂ ਬਣਨ ਦਿੱਤਾ। ਪੰਜਾਬ ਵਿੱਚ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਇੱਕ-ਦੂਜੇ ਨਾਲ ਰਹਿਣ, ਦੁੱਖ-ਸੁੱਖ ਵੰਡਣ ਅਤੇ ਸਮਾਜਿਕ ਰਿਸ਼ਤੇ ਕਾਇਮ ਰੱਖਣ ਦੀ ਪਰੰਪਰਾ ਨੂੰ ਬਹੁਤ ਹੱਦ ਤੱਕ ਬਚਾਈ ਰੱਖਿਆ। ਇਹ ਸਿੱਖ ਕੌਮ ਦੀ ਉਦਾਰਤਾ, ਸਹਿਣਸ਼ੀਲਤਾ ਅਤੇ ਮਨੁੱਖਤਾ ਪ੍ਰਤੀ ਵਚਨਬੱਧਤਾ ਦੀ ਇੱਕ ਵੱਡੀ ਉਦਾਹਰਨ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਕਰਕੇ ਨਿਸ਼ਾਨਾ ਬਣਾਇਆ, ਉਨ੍ਹਾਂ ਦੇ ਭਾਈਚਾਰੇ ਨਾਲ ਸਬੰਧਤ ਹੋਣ ਕਰਕੇ ਪੰਜਾਬ ਵਿੱਚ ਰਹਿੰਦੇ ਆਮ ਹਿੰਦੂ ਲੋਕਾਂ ਨੂੰ ਨਿਸ਼ਾਨਾ ਨਾ ਬਣਾਉਣਾ ਸਿੱਖ ਸਮਾਜ ਦੀ ਸੂਝ-ਬੂਝ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਸਰਬਤ ਦੇ ਭਲੇ ਦੀ ਸਿੱਖਿਆ ਅਤੇ ਸਿਧਾਂਤਕ ਪਰਿਪੱਕਤਾ ਨੂੰ ਦਰਸਾਉਂਦਾ ਹੈ। ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਵਿੱਚ ਸਾਰੇ ਭਾਈਚਾਰਿਆਂ ਦੇ ਆਮ ਲੋਕਾਂ ਦਾ ਯੋਗਦਾਨ ਰਿਹਾ ਹੈ,ਪਰ ਜਦੋਂ ਅਜਿਹੇ ਤਿਉਹਾਰ ਆਉਂਦੇ ਹਨ,ਤਾਂ ਉਹਨਾਂ ਪਵਿੱਤਰ ਦਿਹਾੜਿਆਂ ਨੂੰ ਵੀ ਵਿਤਕਰੇ ਅਤੇ ਭੇਦ ਭਾਵ ਵਾਲੀ ਫਿਰਕੂ ਸੋਚ ਤੋ ਬਚਾ ਕੇ ਰੱਖਣ ਦੀ ਜਿੰਮੇਵਾਰੀ ਉਸ ਖਿੱਤੇ ਦੇ ਸਮੂਹ ਭਾਈਚਾਰਿਆਂ ਦੀ ਹੋਣੀ ਚਾਹੀਦੀ ਹੈ,ਜਿਹੜੇ ਸਬੰਧਤ ਖਿੱਤੇ ਦੇ ਬਸਿੰਦੇ ਹਨ,ਤਾਂਕਿ ਭਾਈਚਾਰਕ ਸਾਂਝ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਇਹ ਭਾਈਚਾਰਕ ਸਾਂਝਾਂ ਹੀ ਦੇਸ ਦੀ ਵੰਨ-ਸੁਵੰਨਤਾ ਨੂੰ ਬਚਾ ਸਕਦੀਆਂ ਹਨ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354

ਟਰੋਲ ਕਰਨਾ-ਬੀਮਾਰ ਮਾਨਸਿਕਤਾ ਦੀ ਨਿਸ਼ਾਨੀ



ਬਰਜਿੰਦਰ ਕੌਰ ਬਿਸਰਾਓ
99889-01324

ਅੱਜ ਦੇ ਡਿਜੀਟਲ ਯੁੱਗ ਵਿੱਚ ਸੋਸ਼ਲ ਮੀਡੀਆ ਜਿੱਥੇ ਆਪਣੇ ਵਿਚਾਰ ਪ੍ਰਗਟਾਉਣ, ਜਾਣਕਾਰੀ ਸਾਂਝੀ ਕਰਨ ਅਤੇ ਲੋਕਾਂ ਨਾਲ ਜੁੜਨ ਦਾ ਇੱਕ ਵਧੀਆ ਮਾਧਿਅਮ ਬਣਿਆ ਹੈ, ਉੱਥੇ ਹੀ ਇਹ ਕੁਝ ਲੋਕਾਂ ਲਈ ਦੂਜਿਆਂ ਨੂੰ ਨੀਵਾਂ ਦਿਖਾਉਣ, ਮਜ਼ਾਕ ਉਡਾਉਣ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦਾ ਸਾਧਨ ਵੀ ਬਣ ਗਿਆ ਹੈ। ਅਜਿਹੇ ਵਰਤਾਰੇ ਨੂੰ ਅਸੀਂ ਆਮ ਭਾਸ਼ਾ ਵਿੱਚ ਟਰੋਲਿੰਗ ਕਹਿੰਦੇ ਹਾਂ। ਟਰੋਲ ਕਰਨ ਵਾਲ਼ਿਆਂ ਦੀ ਮਾਨਸਿਕਤਾ ਦੀ ਗੱਲ ਕਰਨ ਤੋਂ ਪਹਿਲਾਂ "ਟਰੋਲ" ਸ਼ਬਦ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

ਅਸਲ ਵਿੱਚ ਟਰੋਲ ਕੀ ਹੁੰਦਾ ਹੈ? ਟਰੋਲ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜੋ ਜਾਣਬੁੱਝ ਕੇ ਇੰਟਰਨੈੱਟ ਜਾਂ ਸੋਸ਼ਲ ਮੀਡੀਆ 'ਤੇ ਅਜਿਹੀਆਂ ਟਿੱਪਣੀਆਂ, ਪੋਸਟਾਂ ਜਾਂ ਸੁਨੇਹੇ ਸਾਂਝੇ ਕਰਦਾ ਹੈ, ਜਿਨ੍ਹਾਂ ਦਾ ਮਕਸਦ ਕਿਸੇ ਨੂੰ ਭੜਕਾਉਣਾ, ਉਸ ਦੀ ਬੇਇੱਜ਼ਤੀ ਕਰਨਾ, ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਜਾਂ ਬੇਲੋੜਾ ਵਿਵਾਦ ਖੜ੍ਹਾ ਕਰਨਾ ਹੁੰਦਾ ਹੈ। ਟਰੋਲਿੰਗ ਸਿਰਫ਼ ਕਿਸੇ ਦੀ ਪੋਸਟ 'ਤੇ ਅਸਹਿਮਤੀ ਜਤਾਉਣਾ ਨਹੀਂ ਹੈ, ਸਗੋਂ ਅਸਹਿਮਤੀ ਦੀ ਆੜ ਵਿੱਚ ਕਿਸੇ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨਾ ਅਤੇ ਉਸ ਦੇ ਆਤਮ-ਸਨਮਾਨ ਨੂੰ ਠੇਸ ਪਹੁੰਚਾਉਣਾ ਹੈ।

ਅਸਲ ਵਿੱਚ ਟਰੋਲ ਕਰਨ ਵਾਲੇ ਲੋਕਾਂ ਦੀ ਮਾਨਸਿਕਤਾ ਬਹੁਤ ਹੀ ਸੌੜੀ ਹੁੰਦੀ ਹੈ। ਅਜਿਹੇ ਲੋਕ ਦੂਜਿਆਂ ਦੀ ਤਰੱਕੀ, ਪ੍ਰਸਿੱਧੀ, ਖੁਸ਼ੀ ਜਾਂ ਸਫ਼ਲਤਾ ਨੂੰ ਸਹਿਣ ਨਹੀਂ ਕਰ ਪਾਉਂਦੇ। ਜਦੋਂ ਕੋਈ ਵਿਅਕਤੀ ਆਪਣੀ ਮਿਹਨਤ ਨਾਲ ਕੋਈ ਮੁਕਾਮ ਹਾਸਲ ਕਰਦਾ ਹੈ, ਆਪਣੇ ਵਿਚਾਰ ਰੱਖਦਾ ਹੈ ਜਾਂ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ ਤਾਂ ਕੁਝ ਲੋਕ ਉਸ ਦੀ ਹੌਂਸਲਾ ਅਫ਼ਜ਼ਾਈ ਕਰਨ ਦੀ ਬਜਾਏ ਉਸ ਨੂੰ ਨੀਵਾਂ ਦਿਖਾਉਣ ਦੇ ਮੌਕੇ ਲੱਭਣ ਲੱਗ ਪੈਂਦੇ ਹਨ। ਉਹਨਾਂ ਨੂੰ ਦੂਜਿਆਂ ਦੀਆਂ ਖੁਸ਼ੀਆਂ ਵਿੱਚ ਖੁਸ਼ ਹੋਣਾ ਨਹੀਂ ਆਉਂਦਾ, ਸਗੋਂ ਕਿਸੇ ਦੀ ਖੁਸ਼ੀ ਨੂੰ ਖ਼ਰਾਬ ਕਰਕੇ ਆਪਣੇ ਮਨ ਦੀ ਤਸੱਲੀ ਕਰਦੇ ਹਨ। ਟਰੋਲ ਕਰਨ ਵਾਲੇ ਅਕਸਰ ਨਿਕੰਮੀ ਸੋਚ, ਅਸਹਿਣਸ਼ੀਲਤਾ ਅਤੇ ਦੂਜਿਆਂ ਦੀਆਂ ਭਾਵਨਾਵਾਂ ਪ੍ਰਤੀ ਬੇਰੁਖ਼ੀ ਦਾ ਪ੍ਰਗਟਾਵਾ ਕਰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਉਨ੍ਹਾਂ ਦੇ ਲਿਖੇ ਦੋ ਸ਼ਬਦ ਕਿਸੇ ਦੇ ਮਨ ਨੂੰ ਕਿੰਨੀ ਡੂੰਘੀ ਠੇਸ ਪਹੁੰਚਾ ਸਕਦੇ ਹਨ। ਕਈ ਲੋਕ ਤਾਂ ਜਾਣਬੁੱਝ ਕੇ ਅਜਿਹੀਆਂ ਟਿੱਪਣੀਆਂ ਕਰਦੇ ਹਨ ਤਾਂ ਜੋ ਸਾਹਮਣੇ ਵਾਲਾ ਦੁਖੀ ਹੋਵੇ, ਗੁੱਸੇ ਵਿੱਚ ਆਵੇ ਜਾਂ ਆਪਣਾ ਪੱਖ ਰੱਖਣ ਲਈ ਮਜ਼ਬੂਰ ਹੋ ਜਾਵੇ। ਉਨ੍ਹਾਂ ਦਾ ਮਕਸਦ ਕਿਸੇ ਵਿਸ਼ੇ 'ਤੇ ਸਾਰਥਕ ਚਰਚਾ ਕਰਨਾ ਨਹੀਂ, ਸਗੋਂ ਦੂਜੇ ਵਿਅਕਤੀ ਦੀ ਮਾਨਸਿਕ ਸ਼ਾਂਤੀ ਭੰਗ ਕਰਨਾ ਹੁੰਦਾ ਹੈ।

ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਲੋਕ ਆਪਣੀ ਅਸਲ ਪਛਾਣ ਲੁਕਾ ਕੇ ਜਾਅਲੀ ਖਾਤਿਆਂ ਰਾਹੀਂ ਦੂਜਿਆਂ ਨੂੰ ਟਰੋਲ ਕਰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਪਰਦੇ ਪਿੱਛੇ ਬੈਠ ਕੇ ਉਹ ਜੋ ਮਰਜ਼ੀ ਲਿਖ ਸਕਦੇ ਹਨ ਅਤੇ ਕੋਈ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਪਰ ਅਸਲ ਵਿੱਚ ਇਹ ਉਨ੍ਹਾਂ ਦੀ ਦਲੇਰੀ ਨਹੀਂ, ਸਗੋਂ ਆਪਣੇ ਵਿਚਾਰਾਂ ਅਤੇ ਵਿਹਾਰ ਦੀ ਜ਼ਿੰਮੇਵਾਰੀ ਤੋਂ ਭੱਜਣ ਦੀ ਪ੍ਰਵਿਰਤੀ ਅਤੇ ਕਾਇਰਤਾ ਹੁੰਦੀ ਹੈ। ਜਿਹੜਾ ਵਿਅਕਤੀ ਸਾਹਮਣੇ ਬੈਠ ਕੇ ਕਿਸੇ ਨਾਲ ਸਲੀਕੇ ਨਾਲ ਗੱਲ ਨਹੀਂ ਕਰ ਸਕਦਾ, ਉਹ ਸੋਸ਼ਲ ਮੀਡੀਆ 'ਤੇ ਸ਼ਬਦਾਂ ਦੇ ਤੀਰ ਚਲਾਉਣ ਨੂੰ ਆਪਣੀ ਬਹਾਦਰੀ ਸਮਝਣ ਲੱਗ ਪੈਂਦਾ ਹੈ। ਟਰੋਲਿੰਗ ਦਾ ਇੱਕ ਹੋਰ ਵੱਡਾ ਕਾਰਨ ਈਰਖਾ ਅਤੇ ਹੀਣ ਭਾਵਨਾ ਵੀ ਹੋ ਸਕਦੀ ਹੈ। ਕਈ ਵਾਰ ਲੋਕ ਆਪਣੀ ਜ਼ਿੰਦਗੀ ਵਿੱਚ ਸੰਤੁਸ਼ਟ ਨਹੀਂ ਹੁੰਦੇ ਅਤੇ ਦੂਜਿਆਂ ਨੂੰ ਖੁਸ਼ ਦੇਖ ਕੇ ਉਨ੍ਹਾਂ ਦੇ ਮਨ ਵਿੱਚ ਨਕਾਰਾਤਮਕ ਭਾਵਨਾਵਾਂ ਪੈਦਾ ਹੋਣ ਲੱਗਦੀਆਂ ਹਨ। ਕਿਸੇ ਦੀ ਲਿਖਤ, ਕਿਸੇ ਦੀ ਤਸਵੀਰ, ਕਿਸੇ ਦੀ ਪ੍ਰਾਪਤੀ, ਕਿਸੇ ਦਾ ਪਹਿਰਾਵਾ ਜਾਂ ਕਿਸੇ ਦਾ ਸਮਾਜਿਕ ਰੁਤਬਾ ਉਨ੍ਹਾਂ ਲਈ ਟਿੱਪਣੀਆਂ ਕਰਨ ਦਾ ਬਹਾਨਾ ਬਣ ਜਾਂਦਾ ਹੈ। ਉਹ ਆਪਣੀ ਊਰਜਾ ਕਿਸੇ ਚੰਗੇ ਕੰਮ ਵਿੱਚ ਲਗਾਉਣ ਦੀ ਬਜਾਏ ਦੂਜਿਆਂ ਦੀਆਂ ਕਮੀਆਂ ਲੱਭਣ ਵਿੱਚ ਲਗਾਈ ਰੱਖਦੇ ਹਨ। ਬਦਕਿਸਮਤੀ ਨਾਲ ਅੱਜ ਕੱਲ੍ਹ ਰਾਜਨੀਤਕ ਤਾਕਤਾਂ ਵੱਲੋਂ ਆਪਣੇ ਆਪਣੇ ਵਿਰੋਧੀਆਂ ਨੂੰ ਟਰੋਲ ਕਰਨ ਲਈ ਆਈ ਟੀ ਸੈੱਲ ਬਣਾਕੇ ਵੱਡੀ ਪੱਧਰ ਤੇ ਜਾਅਲੀ ਖਾਤੇ ਬਣਾਏ ਜਾਣ ਲੱਗੇ ਹਨ ਜਿਸ ਨੂੰ ਰਾਜਨੀਤੀ ਅਤੇ ਲੋਕਤੰਤਰ ਦਾ ਘਾਣ ਕਰਨਾ ਹੀ ਕਿਹਾ ਜਾ ਸਕਦਾ ਹੈ। ਇਹ ਕੋਝੀ ਸਿਆਸਤ ਦਾ ਨਮੂਨਾ ਵੀ ਇੰਟਰਨੈੱਟ ਦੇ ਦੌਰ ਵਿੱਚ ਵੇਖਣ ਨੂੰ ਮਿਲ਼ ਰਿਹਾ ਹੈ।

ਔਰਤਾਂ ਨੂੰ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ 'ਤੇ ਕਈ ਵਾਰ ਅਜਿਹੀ ਟਰੋਲਿੰਗ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਕੋਈ ਔਰਤ ਆਪਣੇ ਵਿਚਾਰ ਖੁੱਲ੍ਹ ਕੇ ਰੱਖਦੀ ਹੈ, ਸਮਾਜਿਕ ਮੁੱਦਿਆਂ 'ਤੇ ਬੋਲਦੀ ਹੈ, ਆਪਣੀ ਪਛਾਣ ਬਣਾਉਂਦੀ ਹੈ ਜਾਂ ਆਪਣੀ ਖੁਸ਼ੀ ਲਈ ਕੋਈ ਤਸਵੀਰ ਸਾਂਝੀ ਕਰਦੀ ਹੈ ਤਾਂ ਕੁਝ ਲੋਕ ਉਸ ਦੀ ਗੱਲ ਦਾ ਜਵਾਬ ਦੇਣ ਦੀ ਬਜਾਏ,ਉਸ ਸਬੰਧੀ ਉਸ ਨਾਲ਼ ਖੁੱਲ੍ਹ ਕੇ ਚਰਚਾ ਕਰਨ ਦੀ ਬਜਾਏ, ਉਸ ਦੇ ਨਿੱਜੀ ਜੀਵਨ, ਦਿੱਖ ਅਤੇ ਚਰਿੱਤਰ ਬਾਰੇ ਭੱਦੀਆਂ ਟਿੱਪਣੀਆਂ ਕਰਨ ਲੱਗ ਪੈਂਦੇ ਹਨ। ਇਹ ਸਿਰਫ਼ ਇੱਕ ਔਰਤ ਦਾ ਅਪਮਾਨ ਨਹੀਂ, ਸਗੋਂ ਸਮਾਜ ਦੀ ਘਟ ਰਹੀ ਨੈਤਿਕਤਾ ਸਹਿਣਸ਼ੀਲਤਾ ਅਤੇ ਮਾੜੀ ਸੋਚ ਦਾ ਪ੍ਰਗਟਾਵਾ ਹੈ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਹਰ ਆਲੋਚਨਾ ਟਰੋਲਿੰਗ ਨਹੀਂ ਹੁੰਦੀ। ਕਿਸੇ ਦੇ ਵਿਚਾਰਾਂ ਨਾਲ ਅਸਹਿਮਤ ਹੋਣਾ, ਉਸ ਦੀ ਲਿਖਤ ਵਿੱਚ ਗ਼ਲਤੀ ਦੱਸਣਾ ਜਾਂ ਕਿਸੇ ਮੁੱਦੇ 'ਤੇ ਤਰਕ ਨਾਲ਼ ਸਵਾਲ ਕਰਨਾ ਹਰ ਵਿਅਕਤੀ ਦਾ ਹੱਕ ਹੈ। ਸਿਹਤਮੰਦ ਆਲੋਚਨਾ ਜਿਸ ਵਿੱਚ ਸ਼ਬਦਾਂ ਦੀ ਮਰਿਆਦਾ ਹੋਵੇ, ਸਤਿਕਾਰ ਸਹਿਤ ਸਵਾਲ ਜਵਾਬ ਕੀਤੇ ਜਾਣ ਅਤੇ ਆਲੋਚਨਾ ਦਾ ਸਹੀ ਤੱਥ ਹੋਵੇ,ਉਹ ਸਮਾਜ ਨੂੰ ਅੱਗੇ ਲਿਜਾਂਦੀ ਹੈ, ਪਰ ਨਿੱਜੀ ਹਮਲੇ, ਅਪਮਾਨਜਨਕ ਸ਼ਬਦ ਅਤੇ ਬਿਨਾਂ ਵਜ੍ਹਾ ਕਿਸੇ ਨੂੰ ਨਿਸ਼ਾਨਾ ਬਣਾਉਣਾ ਆਲੋਚਨਾ ਨਹੀਂ, ਬਲਕਿ ਮਾੜੀ ਮਾਨਸਿਕਤਾ ਹੈ। ਇੱਕ ਗੱਲ ਹਮੇਸ਼ਾ ਯਾਦ ਰੱਖੋ ਕਿ ਕਿਸੇ ਦੇ ਵਿਚਾਰਾਂ ਦਾ ਵਿਰੋਧ ਤਾਂ ਕੀਤਾ ਜਾ ਸਕਦਾ ਹੈ ਪਰ ਕਿਸੇ ਵਿਅਕਤੀ ਦਾ ਅਪਮਾਨ ਕਰਨਾ ਬੁਜ਼ਦਿਲੀ ਤੇ ਕਾਇਰਤਾ ਹੁੰਦੀ ਹੈ।

ਟਰੋਲਿੰਗ ਦਾ ਪ੍ਰਭਾਵ ਵੀ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਲਗਾਤਾਰ ਨਕਾਰਾਤਮਕ ਟਿੱਪਣੀਆਂ ਕਿਸੇ ਵਿਅਕਤੀ ਦੇ ਆਤਮ-ਵਿਸ਼ਵਾਸ, ਮਾਨਸਿਕ ਸ਼ਾਂਤੀ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਕਈ ਵਾਰ ਲੋਕ ਅਜਿਹੇ ਤਜ਼ਰਬਿਆਂ ਕਾਰਨ ਆਪਣੇ ਵਿਚਾਰ ਸਾਂਝੇ ਕਰਨ ਤੋਂ ਵੀ ਝਿਜਕਣ ਲੱਗ ਪੈਂਦੇ ਹਨ। ਇਸ ਤਰ੍ਹਾਂ ਟਰੋਲ ਕਰਨ ਵਾਲ਼ੇ ਲੋਕ ਸਿਰਫ਼ ਇੱਕ ਵਿਅਕਤੀ ਨੂੰ ਦੁਖੀ ਨਹੀਂ ਕਰਦੇ, ਸਗੋਂ ਸਮਾਜ ਵਿੱਚ ਖੁੱਲ੍ਹ ਕੇ ਬੋਲਣ ਅਤੇ ਸਾਰਥਕ ਵਿਚਾਰ ਸਾਂਝੇ ਕਰਨ ਦੇ ਮਾਹੌਲ ਨੂੰ ਵੀ ਖ਼ਰਾਬ ਕਰਦੇ ਹਨ।ਅਜਿਹੇ ਲੋਕਾਂ ਨਾਲ ਨਜਿੱਠਣ ਲਈ ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਹਰ ਟਿੱਪਣੀ ਦਾ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ। ਕਈ ਵਾਰ ਚੁੱਪ ਰਹਿਣਾ ਹੀ ਸਭ ਤੋਂ ਵਧੀਆ ਜਵਾਬ ਹੁੰਦਾ ਹੈ। ਲੋੜ ਪੈਣ 'ਤੇ ਅਜਿਹੇ ਖਾਤਿਆਂ ਨੂੰ ਬਲਾਕ ਅਤੇ ਰਿਪੋਰਟ ਕਰਨਾ ਚਾਹੀਦਾ ਹੈ। ਜੇਕਰ ਕੋਈ ਧਮਕੀ ਦੇਵੇ ਜਾਂ ਲਗਾਤਾਰ ਪਰੇਸ਼ਾਨ ਕਰੇ ਤਾਂ ਉਸ ਦਾ ਰਿਕਾਰਡ ਰੱਖ ਕੇ ਉਚਿਤ ਸ਼ਿਕਾਇਤ ਵੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਅਜਿਹੇ ਵਰਤਾਰੇ ਨੂੰ ਹੱਲਾਸ਼ੇਰੀ ਦੇਣ ਦੀ ਬਜਾਏ ਇਸ ਦਾ ਵਿਰੋਧ ਕਰਨਾ ਵੀ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਬਣ ਜਾਂਦੀ ਹੈ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸੋਸ਼ਲ ਮੀਡੀਆ 'ਤੇ ਲਿਖਿਆ ਹਰ ਸ਼ਬਦ ਵੀ ਸਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹੁੰਦਾ ਹੈ। ਕਿਸੇ ਦੀ ਪੋਸਟ 'ਤੇ ਕੀਤੀ ਗਈ ਟਿੱਪਣੀ ਸਾਡੇ ਸੰਸਕਾਰਾਂ, ਸਾਡੀ ਸੋਚ ਅਤੇ ਸਾਡੀ ਪਰਵਰਿਸ਼ ਦੀ ਝਲਕ ਦਿਖਾਉਂਦੀ ਹੈ। ਦੂਜਿਆਂ ਨੂੰ ਨੀਵਾਂ ਦਿਖਾ ਕੇ ਕੋਈ ਉੱਚਾ ਨਹੀਂ ਹੋ ਜਾਂਦਾ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਕੋਈ ਸੂਝਵਾਨ ਨਹੀਂ ਬਣ ਜਾਂਦਾ। ਯਾਦ ਰੱਖੋ, ਕਿਸੇ ਦੀ ਕਲਮ ਰੋਕਣ, ਕਿਸੇ ਦੀ ਮੁਸਕਰਾਹਟ ਖੋਹਣ ਜਾਂ ਕਿਸੇ ਦੇ ਆਤਮ-ਵਿਸ਼ਵਾਸ ਨੂੰ ਤੋੜਨ ਨਾਲ਼ ਉਸ ਦੀ ਆਪਣੀ ਸ਼ਖ਼ਸੀਅਤ ਉੱਚੀ ਨਹੀਂ ਹੁੰਦੀ ਤੇ ਨਾ ਹੀ ਦੂਜੇ ਦੀ ਸ਼ਖ਼ਸੀਅਤ ਮਾੜੀ ਬਣਦੀ ਹੈ। ਜੇਕਰ ਤੁਹਾਡੇ ਕੋਲ ਕਿਸੇ ਦੀ ਗੱਲ ਦਾ ਤਰਕ ਨਾਲ ਜਵਾਬ ਦੇਣ ਦੀ ਸਮਰੱਥਾ ਨਹੀਂ ਤਾਂ ਚੁੱਪ ਰਹਿਣਾ ਸਿੱਖੋ। ਦੂਜਿਆਂ ਨੂੰ ਟਰੋਲ ਕਰਨ ਵਿੱਚ ਸਮਾਂ ਬਰਬਾਦ ਕਰਨ ਦੀ ਬਜਾਏ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਵੱਲ ਧਿਆਨ ਦਿਓ। ਕਿਉਂਕਿ ਸੱਭਿਅਕ ਸਮਾਜ ਦੀ ਪਛਾਣ ਦੂਜਿਆਂ ਨੂੰ ਨੀਵਾਂ ਦਿਖਾਉਣ ਵਿੱਚ ਨਹੀਂ, ਸਗੋਂ ਇੱਕ-ਦੂਜੇ ਦੇ ਵਿਚਾਰਾਂ, ਭਾਵਨਾਵਾਂ ਅਤੇ ਸਨਮਾਨ ਦੀ ਕਦਰ ਕਰਨ ਵਿੱਚ ਹੁੰਦੀ ਹੈ। ਕਿਸੇ ਦੀ ਮਾਨਸਿਕ ਹਾਲਤ ਜਾਂ ਹੋਰ ਹਾਲਾਤਾਂ ਨੂੰ ਸਮਝੇ ਬਿਨ੍ਹਾਂ ਕਿਸੇ ਨੂੰ ਟਰੋਲ ਕਰਨਾ ਨਿਰੀ ਮੂਰਖਤਾਈ ਅਤੇ ਆਪਣੇ ਬੇਮਾਇਨੇ ਵਿਚਾਰ ਦੂਜਿਆਂ ਬਾਰੇ ਪੇਸ਼ ਕਰਕੇ ਤੁਸੀਂ ਆਪਣੀ ਸ਼ਖ਼ਸੀਅਤ ਨੂੰ ਦੁਨੀਆਂ ਸਾਹਮਣੇ ਬਹੁਤ ਘਟੀਆ ਤਰੀਕੇ ਨਾਲ਼ ਪੇਸ਼ ਕਰਦੇ ਹੋ ਜਿਸ ਦਾ ਅਸਰ ਤੁਹਾਡੇ ਸਮਾਜਿਕ ਰੁਤਬੇ ਅਤੇ ਪਰਿਵਾਰ ਉੱਤੇ ਜ਼ਰੂਰ ਪੈਂਦਾ ਹੈ।



ਡਰਾਈਵਰ ਵੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ
ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ
ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ,
ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ
ਅੱਗੇ ਵਧੋ!

QR ਸਕੈਨ ਕਰੋ
ਤੇ Traki
ਡਾਊਨਲੋਡ ਕਰੋ
ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ,
ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ
ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ
ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ
ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਕਿਸੇ ਨੂੰ ਕੀ ਪਤਾ

ਮੈਂ ਕਿਸ ਨੂੰ ਕਰਦਾ ਹਾਂ ਪਿਆਰ, ਕਿਸੇ ਨੂੰ ਕੀ ਪਤਾ?
ਕੌਣ ਹੈ ਮੇਰਾ ਦੁਸ਼ਮਣ ਜਾਂ ਯਾਰ, ਕਿਸੇ ਨੂੰ ਕੀ ਪਤਾ?
ਇਨ੍ਹਾਂ ਨੂੰ ਵੇਖ ਕੇ ਲੋਕ ਮੈਨੂੰ ਕਰਦੇ ਨੇ ਨਫਰਤ,
ਪਰ ਮੈਂ ਕਿਉਂ ਗਲ਼ ਲਾਏ ਨੇ ਖ਼ਾਰ, ਕਿਸੇ ਨੂੰ ਕੀ ਪਤਾ?
ਜ਼ਿੰਦਗੀ 'ਚ ਮਿਲੀਆਂ ਮੈਨੂੰ ਕਈ ਅਸਫਲਤਾਵਾਂ,
ਜੀਵਨ ਦੇ ਗਈਆਂ ਜਾਂ ਗਈਆਂ ਮਾਰ, ਕਿਸੇ ਨੂੰ ਕੀ ਪਤਾ?
ਇਸ ਸੰਸਾਰ 'ਚ ਰਹਿ ਕੇ ਮੈਨੂੰ ਕੁਝ ਨਹੀਂ ਮਿਲਦਾ,
ਮੈਂ ਕਿਉਂ ਨਹੀਂ ਛੱਡਦਾ ਇਹ ਸੰਸਾਰ, ਕਿਸੇ ਨੂੰ ਕੀ ਪਤਾ?
ਹਰ ਕੋਈ ਕਹਿੰਦਾ ਹੈ, "ਮੇਰੇ ਤੇ ਇਤਬਾਰ ਕਰ ਲੈ,"
ਪਰ ਮੈਂ ਕਿਉਂ ਨਹੀਂ ਕਰਦਾ ਇਤਬਾਰ, ਕਿਸੇ ਨੂੰ ਕੀ ਪਤਾ?
ਬਹੁਤ ਵਾਰ ਮੈਂ ਉਸ ਨੂੰ ਆਪਣੇ ਘਰ ਬੁਲਾਇਆ ਹੈ,
ਉਹ ਹਰ ਵਾਰ ਕਿਉਂ ਕਰੇ ਇਨਕਾਰ, ਕਿਸੇ ਨੂੰ ਕੀ ਪਤਾ?
ਮੈਂ ਜੀਵਨ 'ਚ ਉਸ ਤੋਂ ਕਦੇ ਕੁਝ ਨਹੀਂ ਮੰਗਿਆ,
ਫਿਰ ਵੀ ਉਹ ਕਿਉਂ ਸਮਝੇ ਮੈਨੂੰ ਭਾਰ, ਕਿਸੇ ਨੂੰ ਕੀ ਪਤਾ?



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

.ਗ਼ਜ਼ਲ

ਇਹ ਸਾਗਰ ਜ਼ਿੰਦਗਾਨੀ ਦਾ ਤੁਹਾਡੇ ਨਾਲ ਤਰਨਾ ਹੈ।
ਤੁਹਾਡੇ ਨਾਲ ਜੀਣਾ ਹੈ, ਤੁਹਾਡੇ ਨਾਲ ਮਰਨਾ ਹੈ।
ਲਗਾ ਕੇ ਖ਼ੂਬਸੂਰਤ ਫੁੱਲ ਤਮੰਨਾ ਦੇ ਇਰਾਦੇ ਦੇ,
ਜਗ੍ਹਾ ਖ਼ਾਲੀ ਜੋ ਹੋਈ ਹੈ ਜਗ੍ਹਾ ਉਸ ਨੂੰ ਵੀ ਭਰਨਾ ਹੈ।
ਇਹਨੂੰ ਹੀ ਜ਼ਿੰਦਗੀ ਕਹਿੰਦੇ, ਇਹਨੂੰ ਹੀ ਸਾਧਨਾ ਕਹਿੰਦੇ,
ਖ਼ੁਦਾ ਨੇ ਗ਼ਮ ਜੋ ਦਿੱਤਾ ਹੈ, ਉਹ ਗ਼ਮ ਹੱਸ ਹੱਸ ਕੇ ਜਰਨਾ ਹੈ।
ਇਹ ਸਾਰਾ ਖੇਲ ਜੀਵਨ ਦਾ ਇਵੇਂ ਚਲਦਾ ਹੀ ਰਹਿਣਾ ਹੈ,
ਕਿਸੇ ਕੋਲੋਂ ਤਾਂ ਜਿੱਤਣਾ ਹੈ, ਕਿਸੇ ਕੋਲੋਂ ਤਾਂ ਹਰਨਾ ਹੈ।
ਉਹ ਡੁਬਦੇ ਪਾਰ ਲਾ ਦੇਵੇ ਅਰਸ਼ ਤੋਂ ਫ਼ਰਸ਼ ਕਰ ਦੇਵੇ,
ਖ਼ੁਦਾ ਦੇ ਰਹਿਮ ਵਿਚ ਰਹਿ ਕੇ ਉਹਦੀ ਸ਼ਕਤੀ ਤੋਂ ਡਰਨਾ ਹੈ।
ਇਸ਼ਾਰੇ ਬਿਜਲੀਆਂ ਦੇ ਹੋਰ ਵੀ ਗੰਭੀਰ ਹੋਏ ਨੇ,
ਇਹ ਮੁਮਕਿਨ ਹੈ ਇਹ ਬੱਦਲ ਭਰ ਗਿਆ ਵਰਨਾ ਹੀ ਵਰਨਾ ਹੈ।
ਧਰਤ ਦੀ ਮਾਂਗ ਵਿਚ ਸਿੰਦੂਰ ਹਰਿਆਲੀ ਦਾ ਉਪਜੇਗਾ,
ਗਤੀ ਦੀ ਸਿਰਜਨਾ ਅੰਦਰ ਬੜਾ ਭਰਪੂਰ ਝਰਨਾ ਹੈ।
ਹਨੇਰੇ ਚੋਂ ਹੀ ਸੂਰਜ ਨੇ ਸਵੇਰੇ ਧਰਤ ਨੂੰ ਦੇਣੇ,
ਤੇਰੇ ਇਕਰਾਰ ਦੇ ਇਤਬਾਰ ਨੇ ਇਜ਼ਹਾਰ ਕਰਨਾ ਹੈ।
ਹਰੇ ਖੇਤਾਂ 'ਚ ਉਸ ਨੂੰ ਜੇ ਤੁਸੀਂ ਖੁੱਲ੍ਹਿਆਂ ਹੀ ਛੱਡ ਦਿੱਤਾ,
ਪਸ਼ੂ ਫਿਰ ਰੁਕ ਨਹੀਂ ਸਕਦਾ ਉਨ੍ਹੇ ਚਰਨਾ ਹੀ ਚਰਨਾ ਹੈ।
ਇਹਦੇ ਬਿੰਬਾਂ ਤੇ ਤਸ਼ਬੀਹਾਂ ਨੂੰ ਜੀਵਨ ਜੋਤ ਦੇਣੀ ਹੈ,
ਗ਼ਜ਼ਲ ਦੇ ਹੱਕ ਵਿਚ ਬਾਲਮ ਤਲੀ ਤੇ ਸੀਸ ਧਰਨਾ ਹੈ।



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਜੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।